# ਵਤਨੋਂ ਦੂਰ



ਮਾਰੇ ਗਏ ਮਿਤਰਾਂ ਦੇ ਪਿੰਡ ਵੀਟ ਵਾਏ
ਖ਼ੈਰ ਸੁੱਖ ਦਾ ਸੁਨੇਹੜਾ ਲਿਆ!
ਓਸ ਮਾਂ ਦਾ ਪੁੱਛਿਆ ਕੀ ਆਂਦਰਾਂ ਦੀ ਅੱਗ ਸੀਂਹਦੀ
ਗਈ ਕਸਤੂਰੀਆਂ ਖਿੰਡਾ!

– ਸੰਤ ਰਾਮ ਉਦਾਸੀ

ਸੰਪਾਦਕ ਸੁਰਿੰਦਰ ਧੰਜਲ
ਨਵੰਬਰ ਦਸੰਬਰ 1976
435-6111/438 5660

# ARE YOU IN DANGER OF LIVING TOO LONG? .......WITHOUT INCOME

Happy retirement requires an adequate income guaranteed for as long as you or your wife may live. Interested? Give a call.



D. S. GREWAL
Representative
Res: 273-0278



GURCHARANJIT S. KHEHRA, Representative
Res: 581-7859



RAVI MATHUR
Representative
Res: 438-2307



T. RAJ KAPAHI C.L.U.
Unit Supervisor
Res: 433-3441

THE MONARCH LIFE ASSURANCE COMPANY

1520 - 777 Hornby Street
Vancouver 1, B.C.

**689-8831**

# EAST WEST QUALITY WEAR

7220 MAIN ST. STORE HAS MOVED TO NEW LOCATION AT

## 6131 Fraser St. (45th Ave.)

## Phone: 325-6311

***(Wholesale and Retail)***

SPECIALISTS IN:
India Suits, Sarees, Lehngas, Capes, Hars, and other Indian Goods.

Japanese printed and plain sarees and suits, British cardigans, shirts, ladies' suits, children's clothes, and tureans.

# B. N. GROCERY

**Their old store at 1290 E. 12th Ave. (at Clark Drive) is now a grocery store where you can get —**
**All East Indian groceries such as Spices, Pickles, Roti Flour, Fresh Fruits and Vegetables, and Canadian groceries.**

# GRAND OPENING SALE

AT

# KINGSGATE FURNITURE SALES LTD.

(HOUSE OF FURNITURE AND APPLIANCES)

104 KINGSGATE MALL
370 EAST BROADWAY VANCOUVER, B.C. V5T 4G5

**PHONE: 874-2625**

***CUSTOMER SATISFACTION GUARANTEED***

LOTS OF FREE PARKING

---

Autoplan

## KINGSGATE INSURANCE AGENCIES

104 KINGSGATE MALL
370 EAST BROADWAY VANCOUVER, B.C. V5T 4G5



RIASAT ALI KHAN
Member M.D.R.T.
Residence: 873-1969

- ★ Auto Insurance & License
- ★ Fire, Theft & Liability
- ★ Life, Accident & Sickness
- ★ Annuities & Pension Plans
- ★ Registered Retirement Savings Plans



SARAJ KHAN
Residence: 873-1969

**FOR ALL YOUR INSURANCE NEEDS — KINGSGATE INSURANCE AGENCIES**

## Bus. Tel. 872-7827 or 874-2125

**OFFICE HOURS: Monday to Wednesday and Saturday 9 a.m. - 6 p.m.
Thursday - Friday 9 a.m. - 9 p.m.**

FOR

DOMINION AUTOMOBILE ASSOCIATION (DAA)

MEMBERSHIP

CONTACT



DALJIT SIDHU

PHONE
Off: 872-7827
Res: 271-4774

# ਫਰੇਜ਼ਰ ਸਟਰੀਟ ਤੇ ਨਵਾਂ

# ਜੇ. ਪੀ. ਰੈਸਟੋਰੈਂਟ

5740 - ਫਰੇਜ਼ਰ ਸਟਰੀਟ
ਵੈਨਕੂਵਰ, ਬੀ.ਸੀ.

324-4512
327-1888

ਜਿਥੇ ਹਰ ਕਿਸਮ ਦੀਆਂ ਮਠਿਆਈਆਂ ਜਿਵੇਂ ਗੁਲਾਬ ਜਾਮਨ, ਬਰਫ਼ੀ, ਬੇਸਣ, ਗਜ਼ਰੇਲਾ, ਲੱਡੂ ਜਲੇਬੀ, ਪੇਠਾ ਪਤੀਸਾ ਅਤੇ ਆਲੂ ਦੀਆਂ ਟਿਕੀਆਂ, ਮੀਟ ਵਾਲੇ ਤੇ ਬਿਨਾਂ ਮੀਟ ਤੋਂ ਸਮੋਸੇ, ਦਹੀਂ-ਭੱਲੇ, ਪੂਰੀਆਂ-ਛੋਲੇ, ਗੋਲ-ਗੱਪੇ, ਲੱਸੀ ਤੇ ਦਹੀਂ ਵੀ ਮਿਲਦਾ ਹੈ।

UNDER MANAGEMENT OF

# HIMALAYA RESTAURANT

(LICENSED PREMISES)

**2313 Main St., Vancouver, B.C.**

**876-2911, 327-1888**



# ATTENTION EVERYBODY
# IMPORTANT NOTICE

1. IF THERE ARE PEOPLE OR COMPANIES WHO OWE YOU MONEY AND ARE NOT PAYING YOU YOUR MONEY, AND YOU WOULD LIKE TO RECOVER YOUR MONEY;

OR

2. IF YOU ARE DEEPLY IN DEBT AND IF YOU WOULD LIKE TO SOLVE YOUR FINANCIAL PROBLEM WITHOUT **HAVING TO BORROW MORE MONEY.**

OR

3. IF YOU NEED BUSINESS AND CREDIT ADVICE;

OR

4. IF YOU ARE THINKING OF FORMING A COMPANY AND ARE CONCERNED ABOUT THE CORPORATE RECORDS OFFICE PROVISIONS OF THE COMPANIES ACT

THEN FOR ECONOMICAL AND PROFESSIONAL ASSISTANCE, CONTACT:

# EXECUTIVE CREDIT CONSULTANTS

(Government Licensed and Bonded)

**Rm. 35 — 448 Seymour St.,**
**Vancouver, B.C.**
**V6B 3H3**

**Telephones:**
**669—5251 (office)**
**438-5613 (24 hours)**

*We have staff who speak all East Indian languages.*



# NEED ANY HELP IN ANY TYPE OF REAL ESTATE CONTACT ANY TIME!

OFF.
872-0131
438-9998
RES.
687-7711
page 3756
OUT OF TOWN
TOLL FREE
112-800-663-3708



# BALWINDER BRAR
# M.Sc.

## MARS REALTY

**1437 Kingsway**
**Vancouver**

# INDIA from $1,007

A.B.C. CHARTERS

**LONDON from $389.00**

**HAWAII from $225.00**

ENQUIRE FOR SPECIAL FARES.

BAINS INTERNATIONAL TRAVEL SERVICE LTD.

## Groups and Excursions

## "Fly Now . . . Pay Later"

We are appointed agents for International Air Transport Association (IATA) and also for every major airline and steamship company in the world.

## "TRAVEL IS OUR ONLY BUSINESS"

*Tickets Issued Immediately at any of the following offices:*

# Bains International Travel Service Ltd.

6364 FRASER ST.
VANCOUVER, B.C.
324-2277

935 MARINE DRIVE
NORTH VANCOUVER, B.C.
980-0351

1710 DOUGLAS ST.
VICTORIA, B.C.
386-6363

## Buying, selling, or trading

* HOMES, NEW OR OLD
* COMMERCIAL PROPERTIES OR SITES
* APARTMENT BLOCKS
* FARMS, LAND, HOME ACREAGE
or any other real estate need



**FOR FREE CONSULTATION AND PROFESSIONAL REAL ESTATE SERVICE PLEASE CONTACT WITHOUT ANY OBLIGATION**

ਅਜਾਇਬ ਜੰਡਾ

## AJAIB S JANDA

**SERVING YOU SINCE 1971**

Top salesman in Cambie office and member of the Diamond Club.

of

BB BLOCK BROS. REALTY LTD.
5842 CAMBIE, VANCOUVER

OFF. 321-6881
RES. 434-4860
434-2398

435-6111

## WATNO DUR

P.O. Box 1041, COQUITLAM, B.C., CANADA
V3J 6Z4

**FOUNDER:** Tara Singh Hayer
**PUBLISHER:** Charanjeet Sidhoo
*EDITOR: Surinder Dhanjal*
**ADVERTISING EDITOR:** Daljit Toor
**ART:** Nirmal Dhaliwal

VOL. 4

Second Class Mail Registration
Number 3233

***WATNO DUR (Far from the Motherland) is a Literary & Cultural Monthly of PANJABI Language — the mother-tongue of East Panjab (India) & West Panjab (Pakistan). WATNO DUR has been serving Canadian readers since July, 1973. The contributors include well-known Panjabi writers from Canada, India, Pakistan & England.***

ANNUAL SUBSCRIPTION:

| | | |
|---|---|---|
| CANADA-U.S.A. | | $5.00 |
| OTHER | SEA | $5.00 |
| COUNTRIES | AIR | $8.00 |

## ਨਵੰਬਰ ਐਡੀਟੋਰੀਅਲ

ਵਿਗਿਆਨ ਨੇ ਬ੍ਰਹਿਮੰਡਕ ਰਹੱਸਾਂ ਦੀ ਖੋਜ ਕਰਦਿਆਂ ਜ਼ਿੰਦਗੀ ਨੂੰ ਅਦਭੁਤ-ਰੰਗ ਬਖ਼ਸ਼ੀ ਹੈ। ਤੀਬਰ ਨਿਰਖ; ਤਰਕ; ਨਿਰੰਤਰ ਵਿਕਾਸ; ਦੇਸ਼ ਧਰਮ ਦੀਆਂ ਲਕੀਰਾਂ ਤੋਂ ਨਿਰਲੇਪਤਾ — ਵਿਗਿਆਨਕ ਸੋਚ ਦੇ ਮੁਢਲੇ ਗੁਣ ਹਨ। ਇਸੇ ਕਰਕੇ ਵਿਗਿਆਨਕ ਸੋਚ ਤੋਂ ਸੱਖਣਾ ਹਰ ਸਾਹਿੱਤਕ, ਕਲਾਤਮਕ, ਧਾਰਮਕ ਤੇ ਰਾਜਨੀਤਕ ਸਿਧਾਂਤ ਕੇਵਲ ਕੂੜ-ਰੂਪ ਬੌਧਿਕਤਾ ਹੈ ਤੇ ਇਸੇ ਕਰਕੇ ਹੀ ਅਗਿਆਨਤਾ-ਵਿਰੋਧੀ ਵਿਗਿਆਨੀ ਮਹਾਨ ਹਨ।

ਦੁਨੀਆਂ ਦੇ ਮੋਹਰੀ ਸਿਧਾਂਤਕਾਰਾਂ (THEORETICIANS) ਦੀ ਗਿਣਤੀ ਬੜੀ ਥੋੜੀ ਹੈ। ਇਕ ਸਿਧਾਂਤਕਾਰ ਦਾ ਮਾਰਗ (ਵਿਸ਼ੇਸ਼ ਕਰਕੇ ਵਿਗਿਆਨ ਦੇ ਖੇਤਰ ਵਿੱਚ) ਕਿਸੇ ਪੱਧਰੀ ਪਗਡੰਡੀ ਵਰਗਾ ਨਹੀਂ ਸਗੋਂ ਅਣਪਛਾਤੇ ਤੱਥਾਂ ਦੇ ਜੰਗਲ ਵਿਚ ਨਿਰੰਤਰ ਭਟਕਣ ਦੇ ਸਫ਼ਰ ਦਾ ਮਾਰਗ ਹੈ। ਜੇਮਜ਼ ਕਲਰਕ ਮੈਕਸਵੈੱਲ; ਨਿਕੋਲਸ ਕਾਪਰਨੀਕਸ, ਆਈਜ਼ਕ ਨਿਊਟਨ, ਚਾਰਲਸ ਡਾਰਵਿਨ ਤੇ ਅਲਬਰਟ ਆਈਨਸਟਾਈਨ ਵਰਗੇ ਚੋਟੀ ਦੇ ਸਿਧਾਂਤਕਾਰ ਵਿਗਿਆਨੀਆਂ ਦੀ ਕਤਾਰ ਵਿੱਚ ਖੜ੍ਹਨ ਵਾਲਾ ਕੱਦਾਵਰ ਵਿਗਿਆਨੀ ਸੀ, ਜਿਨ੍ਹਾਂ ਦੀ ਦੇਣ ਨੇ ਮਨੁੱਖੀ ਚਿੰਤਨ ਦੇ ਹਰ ਪੱਖ ਤੇ ਡੂੰਘਾ ਪ੍ਰਭਾਵ ਪਾਕੇ ਦੁਨੀਆਂ ਦੀ ਸੋਚ ਪ੍ਰਣਾਲੀ ਵਿੱਚ ਨਵੀਂ ਰੂਹ ਫੂਕ ਦਿੱਤੀ ਸੀ।

ਭੌਤਿਕ ਵਿਗਿਆਨ ਨੂੰ ਮੈਕਸਵੈੱਲ ਦੀ ਸਮੁੱਚੀ ਦੇਣ ਵਿੱਚ ਇਕ ਪੂਰੇ ਦਾ ਪੂਰਾ ਯੁਗ ਸਮਾਇਆ ਹੋਇਆ ਹੈ। ਮੈਕਸਵੈੱਲ ਨੇ ਥਰਮੋਡਾਇਨਾਮਿਕਸ ਦੀਆਂ ਆਰੰਭਕ ਸਮੀਕਰਣਾਂ ਵਿਕਸਤ ਕੀਤੀਆਂ ਅਤੇ ਸਟੈਟਿਸਟੀਕਲ ਮਕੈਨਿਕਸ ਦੀ ਨੀਂਹ ਰੱਖੀ। ਉਸਦੀ ਸਭ ਤੋਂ ਮਹਾਨ ਦੇਣ ਬਿਜਲੀ, ਚੁੰਬਕ ਤੇ ਰੋਸ਼ਨੀ ਵਿਚਕਾਰ ਰਿਸ਼ਤੇ ਦੀ ਲੱਭਤ ਸੀ ਜਿਸ ਅਧੀਨ ਉਸਨੇ ਗਾਸ, ਐਮਪੀਅਰ ਤੇ ਫੈਰਾਡੇ ਜਿਹੇ ਵਿਗਿਆਨੀਆਂ ਦੀਆਂ ਖੋਜਾਂ ਵਿੱਚ ਉੱਚ ਪੱਧਰ ਮੌਲਿਕ ਵਾਧਾ ਕਰਕੇ ਇਲੈਕਟਰੋ ਮੈਗਨੈਟਿਕ ਫੀਲਡ ਦੀਆਂ ਸਮੀਕਰਣਾਂ ਸਿਰਜੀਆਂ। ਉਸਦੀ ਘਾਲਣਾ ਸਦਕਾ ਹੀ ਅੱਜ ਅਸੀਂ ਕੰਪਿਊਟਰ, ਟੈਲੀਵਿਜਨ ਤੇ ਰਡਾਰ ਤੱਕ ਪੁੱਜੇ ਹਾਂ। ਅਲਬਰਟ ਆਈਨਸਟਾਈਨ ਦੇ ਆਪੇਖਿਤਾ ਸਿਧਾਂਤ ਦਾ ਪ੍ਰੇਰਣਾ ਸਰੋਤ ਵੀ ਮੈਕਸਵੈੱਲ ਦੀਆਂ ਚਾਰ ਸਮੀਕਰਣਾਂ ਹੀ ਸਨ। ਸਕਾਟਲੈਂਡ ਦੀ ਇਹ ਮਹਾਨ ਸ਼ਖ਼ਸੀਅਤ '5 ਨਵੰਬਰ 1879' ਨੂੰ 48 ਸਾਲ ਦੀ ਆਯੂ ਵਿੱਚ ਸਦੀਵੀ ਵਿਛੋੜਾ ਦੇ ਗਈ ਸੀ।



ਜ. ਕ. ਮੈਕਸਵੈੱਲ
(1831-1879)

ਗੁਰੂ ਨਾਨਕ ਦੇਵ ਦਾ ਇਤਿਹਾਸਕ-ਮਹੱਤਤਾ ਭਰਿਆ ਜਨਮ ਦਿਨ '6 ਨਵੰਬਰ' ਨੂੰ ਮਨਾਇਆ ਜਾ ਰਿਹਾ ਹੈ। ਪੰਦਰ੍ਹਵੀਂ ਸਦੀ ਵਿੱਚ ਜਦੋਂ ਹਿੰਦੁਸਤਾਨ ਬੜੀ ਤਰਸਯੋਗ ਸਮਾਜਿਕ, ਧਾਰਮਿਕ ਤੇ ਰਾਜਨੀਤਕ ਸਥਿਤੀ 'ਚੋਂ ਗੁਜ਼ਰ ਰਿਹਾ ਸੀ, ਗੁਰੂ ਨਾਨਕ ਦੇ ਸਿਧਾਂਤਾਂ ਦੀ ਸਪੱਸ਼ਟਤਾ, ਸਰਲਤਾ ਤੇ ਸੁਹੱਪਣ ਨੇ ਬ੍ਰਾਹਮਣਵਾਦ, ਕਰਮ ਕਾਂਡ ਅਤੇ ਧੋਖੇ, ਪਾਖੰਡਾਂ, ਫਰੇਬਾਂ ਦੀ ਨੀਂਹ ਤੇ ਖਲੋਤੇ 'ਅਖੌਤੀ ਮੁਕਤੀ ਮਾਰਗਾਂ' ਦੇ ਪੰਜੇ ਵਿਚ ਫਸੀ ਜਨਤਾ ਨੂੰ ਓਟ ਦਿੱਤੀ, ਹਮਦਰਦੀ ਦਿੱਤੀ, ਸਨੇਹ ਦਿੱਤਾ ਤੇ ਸਵੈ-ਵਿਸ਼ਵਾਸ ਪੈਦਾ ਕੀਤਾ। ਉਨ੍ਹਾਂ ਦਾ ਵਿਚਾਰ-ਪ੍ਰਵਾਹ ਲਗਭਗ ਢਾਈ ਸਦੀਆਂ ਤਸੀਹਿਆਂ, ਕੁਰਬਾਨੀਆਂ ਤੇ ਘਾਲਣਾਂ 'ਚੋਂ ਗੁਜ਼ਰਦਿਆਂ ਗੁਰੂ ਗੋਬਿੰਦ ਸਿੰਘ ਦੀ ਚੰਡੀ ਬਣਕੇ ਨਿਸਰਿਆ ਸੀ। ਇਉਂ ਗੁਰੂ ਨਾਨਕ ਦੇ ਸ਼ੁਰੂ ਕੀਤੇ ਮਾਰਗ ਨੇ ਹਿੰਦੁਸਤਾਨ ਨੂੰ ਕਈ ਸੂਰਮ-ਤੱਤਾਂ ਦੀ ਲੋੜ ਦਾ ਅਹਿਸਾਸ ਪਹਿਲੀ ਵਾਰ ਕਰਵਾਇਆ, ਜਿਨ੍ਹਾਂ ਨੂੰ ਮਨੁੱਖੀ ਸੋਚ ਦੇ ਦਿਨੋਂ ਦਿਨ ਵਿਕਸਤ ਹੋਣ ਕਾਰਨ ਬਾਅਦ ਦੇ ਵਿਦਵਾਨਾਂ ਨੇ ਵਿਗਿਆਨਕ ਲੀਹਾਂ ਤੇ ਉਸਾਰਕੇ ਆਧੁਨਿਕ ਜ਼ਿੰਦਗੀ ਲਈ ਹੋਰ ਵੀ ਕਲਿਆਣਕਾਰੀ ਰੂਪ ਵਿੱਚ ਪੇਸ਼ ਕੀਤਾ। ਗੁਰੂ ਨਾਨਕ ਦੀ ਵਿਚਾਰ-ਪਰਦਰਸ਼ਨੀ ਦਾ ਮਾਧਿਅਮ ਗੋਸ਼ਟੀਆਂ ਤੋਂ ਬਿਨਾਂ, ਉੱਚ ਪੱਧਰੀ ਕਾਵਿ-ਕਲਾ ਸੀ ਜਿਸਦਾ ਪੰਜਾਬੀ ਸਾਹਿੱਤ ਵਿੱਚ ਲਾਸਾਨੀ ਸਥਾਨ ਹੈ।

1913 ਵਿੱਚ ਇਕ ਵਿਸ਼ਾਲ ਇਨਕਲਾਬੀ ਜਥੇਬੰਦੀ ਗਦਰ ਪਾਰਟੀ ਦੇ ਨਾਮ ਹੇਠਾਂ ਵਜੂਦ ਵਿੱਚ ਆਈ ਜਿਸਨੂੰ ਅਮਰੀਕਾ ਤੇ ਹੋਰਨਾਂ ਟਾਪੂਆਂ ਵਿੱਚ ਗਏ ਹੋਏ ਪੰਜਾਬੀ ਕਿਸਾਨਾਂ ਨੇ ਕਾਇਮ ਕੀਤਾ ਜੋ ਉਥੇ ਸਨਅਤੀ ਮਜ਼ਦੂਰਾਂ ਦੇ ਤੌਰ ਤੇ ਕੰਮ ਕਰਦੇ ਸਨ। ਦੇਸ਼ ਪ੍ਰਦੇਸ਼ ਵਿੱਚ ਹਿੰਦੋਸਤਾਨੀਆਂ ਦੀ ਅੰਗ੍ਰੇਜ਼-ਸਾਮਰਾਜਵਾਦ ਵਿਰੁੱਧ ਕੌਮੀ ਆਜ਼ਾਦੀ ਦੀ ਪ੍ਰਾਪਤੀ ਤੇ ਸੋਸ਼ਲਿਜ਼ਮ ਦੀ ਸਥਾਪਨਾ ਵਾਸਤੇ ਚਲਦੀ ਲਹਿਰ ਵਿੱਚ ਗਦਰ ਪਾਰਟੀ ਦਾ ਬੜਾ ਵੱਡਾ ਇਤਿਹਾਸਕ ਸਥਾਨ ਹੈ ਜਿਸਨੇ 1857 ਦੇ 'ਪਹਿਲੇ ਆਜ਼ਾਦੀ ਸੰਗਰਾਮ' ਤੋਂ ਬਾਅਦ 'ਦੂਜਾ ਵਿਸ਼ਾਲ ਹਥਿਆਰਬੰਦ ਆਜ਼ਾਦੀ ਸੰਗਰਾਮ' ਜਥੇਬੰਦ ਕੀਤਾ। ਇਸ ਪਾਰਟੀ ਨੇ ਆਪਣੀਆਂ ਕਰਨੀਆਂ ਤੇ ਕੁਰਬਾਨੀਆਂ ਨਾਲ ਕੌਮੀ ਸੰਗਰਾਮ ਨੂੰ ਜਮਹੂਰੀ ਇਨਕਲਾਬੀ ਤੇ ਸਮਾਜਵਾਦੀ ਅਮਲਾਂ ਦੀ ਦੇਣ ਦਿੱਤੀ। '16 ਨਵੰਬਰ 1915' ਨੂੰ ਅੰਗਰੇਜ਼ ਸਾਮਰਾਜਵਾਦ ਨੇ ਇਸ ਲਹਿਰ ਦੇ ਸੱਤ ਇਨਕਲਾਬੀਆਂ — ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ, ਹਰਨਾਮ ਸਿੰਘ, ਬਖ਼ਸ਼ੀਸ਼ ਸਿੰਘ, ਸੁਰੈਣ ਸਿੰਘ (ਪੁੱਤਰ ਬੂੜ ਸਿੰਘ) ਤੇ ਸੁਰੈਣ ਸਿੰਘ (ਪੁੱਤਰ ਈਸ਼ਰ ਸਿੰਘ) ਨੂੰ ਫਾਂਸੀ ਲਟਕਾ ਦਿੱਤਾ ਸੀ।

ਅਸੀਂ ਉਪ੍ਰੋਕਤ ਸਾਰੀਆਂ ਮਹਾਨ ਸ਼ਖ਼ਸੀਅਤਾਂ ਨਾਲ ਜੁੜੀਆਂ ਹੱਕ, ਸੱਚ, ਇਨਸਾਫ਼, ਸਿਰੜ, ਅਣਖ, ਦਲੇਰੀ ਤੇ ਕੁਰਬਾਨੀ ਦੀਆਂ ਯਾਦਾਂ ਨੂੰ ਸਿਰ ਝੁਕਾਉਂਦੇ ਹਾਂ। (ਸੁਰਿੰਦਰ ਧੰਜਲ)

# ਪੰਜਾਬ ਦਾ ਜਰਨੈਲ ਕਵੀ ਤੇ ਗਾਇਕ: ਸੰਤ ਰਾਮ ਉਦਾਸੀ



ਅੱਜ ਜਦੋਂ ਕਵਿਤਾ ਦੇ ਨਾਂ ਹੇਠ ਬੇਸਿਰ-ਪੈਰ, ਅਸਪੱਸ਼ਟ, ਬੇਲੋੜੀ ਬੌਧਿਕ ਤੇ ਊਲ-ਜਲੂਲ ਅਕਵਿਤਾ ਵੀ ਅਨ੍ਹੇਵਾਹ ਲਿਖੀ ਜਾ ਰਹੀ ਹੈ, ਸੰਤ ਰਾਮ ਉਦਾਸੀ ਦੀ ਕਵਿਤਾ ਦੀ ਮਾਖਿਉਂ-ਮਿੱਠੀ ਲੈਅ, ਦਿਲਕਸ਼ ਸਾਦਗੀ, ਕਲਾਤਮਕ ਪੇਸ਼ਕਾਰੀ, ਸਿਧਾਂਤਕ ਸਪੱਸ਼ਟਤਾ, ਗਰੀਬ ਪੇਂਡੂ ਮਿਹਨਤਕਸ਼ਾਂ ਦੇ ਦਰਦਨਾਕ ਦੁਖਾਂਤ ਦੀ ਮਹੀਨ-ਚਿਤਰਕਾਰੀ; ਨਿਸਚੇ ਹੀ ਕ੍ਰਾਂਤੀਕਾਰੀ ਕਵਿਤਾ ਦੀ ਅਦੁੱਤੀ ਪ੍ਰਾਪਤੀ ਕਹੀ ਜਾ ਸਕਦੀ ਹੈ ।

ਉਦਾਸੀ ਨੂੰ ਮਿਲਣ ਦਾ ਅਵਸਰ ਤਾਂ ਕਦੇ ਮੈਨੂੰ ਮਿਲਿਆ ਨਹੀਂ ਪਰੰਤੂ ਮੈਂ ਉਸਦੇ ਮਧੁਰ ਕ੍ਰਾਂਤੀਕਾਰੀ ਗੀਤਾਂ ਦਾ ਆਸ਼ਕ ਹਾਂ; ਉਸ ਦੇ ਡੂੰਘੇ ਲੋਕ ਪਿਆਰ ਦਾ ਕਾਇਲ ਹਾਂ । ਕ੍ਰਾਂਤੀਕਾਰੀ ਕਵੀਆਂ ਦੀ ਲੰਬੀ ਕਤਾਰ ਵਿਚੋਂ ਦਰਸ਼ਨ 'ਖਟਕੜ' ਤੋਂ ਬਾਅਦ ਸੰਤ ਰਾਮ ਉਦਾਸੀ ਹੀ ਇਕ ਅਜਿਹਾ ਕਵੀ ਹੈ, ਜਿਸਨੂੰ ਅਸੀਂ ਲੋਕ-ਕਵੀ ਦਾ ਦਰਜਾ ਦੇ ਸਕਦੇ ਹਾਂ ।

– ਸੁਰਿੰਦਰ ਧੰਜਲ

## * ਜ਼ਰਬ

(ਇਕ ਮੁਲਾਕਾਤ ਦੇ ਕੁਝ ਅੰਸ਼)

ਮਾਰਕੰਡਾ : ਪੰਜਾਬੀ ਵਿਚ ਲੋਕ ਪਧਰ ਦੇ ਗੀਤ ਨਾ ਲਿਖੇ ਜਾਣ ਦਾ ਕੀ ਕਾਰਨ ਹੈ ? ਉਂਜ ਜਦੋਂ ਵੀ ਅਜੋਕੀ ਕਵਿਤਾ ਦੀ ਗੱਲ ਤੁਰਦੀ ਹੈ ਤਾਂ ਵਧੇਰੇ ਨਿਰਾਸ਼ਾ ਵਿਚ ਹੁੰਗਾਰਾ ਮਿਲਦਾ ਹੈ । ਤੁਸੀਂ ਅੱਜ ਦੀ ਕਵਿਤਾ ਤੋਂ ਸੰਤੁਸ਼ਟ ਹੋ ?

ਉਦਾਸੀ : ਜਿੰਨੇ ਵੀ ਲਿਖਾਰੀ ਹਨ ਸਾਰੇ ਉਤਲੀ ਸ਼੍ਰੇਣੀ ਜਾਂ ਪੇਟੀ ਬੁਰਜੁਆ ਸ਼੍ਰੇਣੀ ਨਾਲ ਸਬੰਧਤ ਹਨ । ਉਨ੍ਹਾਂ ਨੂੰ ਇਕ ਸੀਰੀ, ਨਾਲੀਆਂ ਸਾਫ਼ ਕਰਦੀ ਕੁੜੀ, ਟੱਟੀ ਚੁਕਦੇ ਮਜ਼ਦੂਰ ਦੀ ਗੱਲ ਕਹਿਣੀ ਔਖੀ ਜਿਹੀ ਲਗਦੀ ਹੈ । ਸ਼ਾਇਦ ਉਨ੍ਹਾਂ ਦੀਆਂ ਨਜ਼ਰਾਂ ਵਿੱਚ ਇਹ ਕਿਸਮਤ ਦੇ ਮਾਰੇ ਹੋਣ । ਅੱਜ ਦਾ ਪਾਠਕ ਬੇਰੁਜ਼ਗਾਰੀ ਸਮਾਜੀ ਲੁੱਟ ਖਸੁੱਟ, ਮਹਿੰਗਾਈ ਅਤੇ ਸਰਕਾਰੀ ਬਲੈਕ ਮੇਲਿੰਗ ਤੋਂ ਕੁਝ ਸੁਚੇਤ ਹੈ । ਇਹ ਪੁਰਾਣੇ ਸੋਚੇ ਵਿਚ ਢਲੇ ਹੋਏ ਸਾਹਿਤ ਤੋਂ ਪੂਰੇ ਅੱਕੇ ਹੋਏ ਹਨ । ਉਹਨਾਂ ਨੂੰ ਉਹਨਾਂ ਦੇ ਬੋਲਾਂ ਵਿਚ ਦਰਦ ਸੁਣਿਆ ਚੰਗਾ ਲਗਦਾ ਹੈ ਉਹ ਪੁਰਾਣੇ ਕਥਾ ਵਾਚਕ ਕਿੱਸਿਆਂ, ਮਨ ਘੜਤ ਸਾਖੀਆਂ, ਕਰਾਮਤੀ ਬਾਤਾਂ ਤੇ ਕਿੰਤੂ ਕਰਨਾ ਸਿਖ ਗਿਆ ਹੈ । ਫਿਰ ਪੁਰਾਣੇ ਸਾਹਿਤ ਤੋਂ ਕਿਵੇਂ ਆਸ਼ਾਵਾਦੀ ਹੋ ਸਕਦਾ ਹੈ ।

ਮਾਰਕੰਡਾ : ਮੇਰਾ ਮਤਲਬ ਇਹ ਨਹੀਂ; ਸਗੋਂ ਜੋ ਅੱਜ ਦੀ ਕਵਿਤਾ ਕੁਝ ਕੁ ਬੁਧੀਜੀਵੀਆਂ ਦੇ ਘੇਰੇ ਅੰਦਰ ਹੀ ਸੀਮਤ ਹੋ ਕੇ ਰਹਿ ਗਈ ਹੈ ਤੇ ਆਮ ਪੱਧਰ ਦੇ ਲੋਕਾਂ ਦੀ ਸਮਝੋਂ ਬਾਹਰੀ ਗੱਲ ਹੈ । ਇਸ ਤੋਂ ਸੰਤੁਸ਼ਟ ਹੋ ?

ਉਦਾਸੀ : ਹੁਣੇ ਹੀ ਕੁਝ ਕੁ ਲਿਖਾਰੀਆਂ ਨੇ ਜਿਵੇਂ ਪਾਸ਼, ਧੰਜਲ, ਕੋਲਵੀ, ਉਪਾਸ਼ਕ, ਵਰਿਆਮ ਸੰਧੂ, ਖਟਕੜ, ਦਿਲ, ਮਾਰਕੰਡਾ, ਸਾਗਰ ਸਿੰਘ, ਧੀਰ, ਫਤਿਹ-ਜੀਤ, ਰਾਮੂ ਵਾਲੀਆ ਆਦਿ ਨੇ ਲੋਕ ਪਧਰ ਦਾ ਲਿਖਣਾ ਅਰੰਭ ਕੀਤਾ ਹੈ ਤਾਂ ਮੈਂ ਸੰਤੁਸ਼ਟ ਹਾਂ ।

ਮਾਰਕੰਡਾ : ਸਾਹਿਤ ਤੇ ਰਾਜਨੀਤਕ ਪ੍ਰਭਾਵ ਦੇ ਤੁਸੀਂ ਹੱਕ 'ਚ ਹੋ ?

ਉਦਾਸੀ : ਪੂਰੀ ਤਰ੍ਹਾਂ । ਜਿਥੇ ਹਰ ਗੱਲ ਸਿਆਸਤ ਵਿੱਚ ਹੋਵੇ ਉਥੇ ਸਾਹਿਤ ਸਿਆਸਤ ਤੋਂ ਮੁਕਤ ਕਿਵੇਂ ਹੋ ਸਕਦਾ ਹੈ । ਜੋ ਸਾਹਿਤਕਾਰ ਸਿਆਸਤ ਤੋਂ ਬਚਣਾ ਚਾਹੁੰਦਾ ਹੈ ਉਹ ਸਰਮਾਏਦਾਰੀ ਦਾ ਪੂਰਾ ਹਥਕੰਡਾ ਹੈ ।

## * ਗ਼ਜ਼ਲ

(ਸੀ. ਮਾਰਕੰਡਾ)

ਪੰਜਾਬੀ ਦੇ ਨੌਜਵਾਨ ਸੰਪਾਦਕਾਂ ਤੇ ਕਵੀਆਂ ਵਿੱਚ ਸੀ. ਮਾਰਕੰਡਾ (ਸੰਪਾਦਕ 'ਕਿੰਨੂ') ਦਾ ਸਤਿਕਾਰ ਯੋਗ ਸਥਾਨ ਹੈ। 'ਕਿੰਨੂ' ਦੇ 'ਸੰਤ ਰਾਮ ਉਦਾਸੀ ਅੰਕ' ਤੇ 'ਮੋਗਾ ਗੋਲੀ ਕਾਂਡ ਅੰਕ' ਇਤਿਹਾਸਕ ਮਹੱਤਤਾ ਰਖਦੇ ਹਨ। ਅਸੀਂ 'ਮਾਰਕੰਡਾ' ਹੁਰਾਂ ਦੀ ਇਕ ਪੁਰਾਣੀ ਰਚਨਾ ਪਾਠਕਾਂ ਤੱਕ ਪੁਚਾ ਰਹੇ ਹਾਂ। (ਸੰਪਾਦਕ)

ਸ਼ਹਿਰ ਮੇਰੇ ਵਿੱਚ ਫਿਰਦੇ ਪੱਥਰਾਂ ਵਰਗੇ ਲੋਕ ।
ਤੱਕ ਆਪਣੇ ਪ੍ਰਛਾਵੇਂ ਨੂੰ ਹੀ ਡਰਗੇ ਲੋਕ ।

ਖੜਾ ਕਿਨਾਰੇ ਅਜੇ ਸੀ ਧਾਰੋ ਸੋਚ ਰਿਹਾ
ਪਰ ਇਹ ਚਤਰ, ਝਨਾਂ ਰੰਗਾਂ ਦੇ ਤਰਗੇ ਲੋਕ ।

ਸੋਚਿਆ ਸੀ ਕਿ ਐਬ ਇਨਾਂ ਦੇ ਢਕ ਲਈਏ
ਪਰ ਮੇਰੇ ਤੇ ਉਲਟੀ ਤੁਹਮਤ ਧਰਗੇ ਲੋਕ ।

ਚੜ੍ਹਦੇ ਸੂਰਜ ਸੁਣਦੇ ਹਾਂ ਨਿੱਤ ਗੱਲ ਨਵੀਂ
ਦਿਲ ਪਿਆ ਹੱਸੇ ਹੱਦ ਈ ਧਾਰੋ ਕਰਗੇ ਲੋਕ ।

ਉਪਰੋਂ ਚਿਕਨੇ ਚਿਹਰੇ ਦਿਸਣ ਮਨੁੱਖਾਂ ਦੇ
ਅੰਦਰੋਂ ਪਤਾ ਨਹੀਂ ਕਿਉਂ ਜ਼ਹਿਰਾਂ ਦੇ ਭਰਗੇ ਲੋਕ ?

ਜਾ ਕੇ ਲੱਭਣ ਸੇਕ ਬੇਗਾਨੀ ਧੁੱਪ ਪਾਸੋਂ
ਆਪਣੀ ਧੁੱਪ ਵਿੱਚ ਕਾਹਤੋਂ ਐਨੇ ਠਰਗੇ ਲੋਕ ?

ਪਤਾ ਨਹੀਂ ਕਿਹੜਾ ਰੋਗ ਇਨਾਂ ਨੂੰ ਚੰਬੜਿਆ
ਲਗਦੈ ਜੋਕੂੰ ਅੰਦਰੋ ਅੰਦਰੀ ਖਰਗੇ ਲੋਕ ।

ਸਿਰਫ਼ ਵਿਖਾਵੇ ਖ਼ਾਤਰ ਹਾਸੀ ਹਸਦੇ ਨੇ
ਸੁਣਕੇ ਨਜ਼ਮ ਮੇਰੀ ਨੂੰ ਕਈ ਘਾਬਰਗੇ ਲੋਕ ।



ਸ਼ਹੀਦ ਮੇਵਾ ਸਿੰਘ

ਹਾਪਕਿਨਸਨ ਦੇ ਗੋਲੀ: 21 ਅਕਤੂ: 1914
ਸ਼ਹੀਦ ਮੇਵਾ ਸਿੰਘ ਨੂੰ ਫਾਂਸੀ: 11-1-1915

# ਪਛਦੀ'ਵਾ ਦੇ ਨਾਂ

ਸੰਤ ਰਾਮ ਉਦਾਸੀ

ਮਾਰੇ ਗਏ ਮਿੱਤਰਾਂ ਦੇ ਪਿੰਡ ਚੀਵੇ ਵਾਏ ਖ਼ੈਰ ਸੁੱਖ ਦਾ ਸੁਨੇਹੜਾ ਲਿਆ!
ਉਸ ਮਾਂ ਦਾ ਬਣਿਆ ਕੀ ਆਂਦਰਾਂ ਦੀ ਅੱਗ ਜੀਹਦੀ ਗਈ ਕਸਤੂਰੀਆਂ ਖਿੰਡਾ!

ਭਾਰ ਓਹਦੇ ਬਾਪੂ ਦਾ ਨੀ ਕੁੱਬੀ ਹੋਈ ਕੰਡ ਉਤੋਂ, ਕਿਸੇ ਨੇ ਵੰਡਾਇਆ ਈ ਕਿ ਨਾਂ !
ਸੁਣੀ ਦਾ ਸੀ ਭੈਣ ਓਹਦੀ ਸਾਂਭ ਕੇ ਸੁਗੰਧੀਆਂ ਨੂੰ ਜਾਣਾ ਹੈ ਸੀ ਓਪਰੇ ਗਿਰਾਂ !
ਜੀਹਦਾ ਵੀਰ ਅੱਜ ਖੱਟੀ ਚੁੰਨੀ ਨਾ ਲਿਆਇਆ ਓਹਨੂੰ ਕਾਹਦਾ ਹੋਣੈਂ ਤੀਆਂ ਦਾ ਨੀ ਚਾਅ।
ਵਾਏ ਨੀ ਵਾਏ ਸੁੱਖ ਦਾ ਸੁਨੇਹੜਾ ਲਿਆ ... ... ...

ਰਾਠਾਂ ਦੀ ਹਵੇਲੀ ਮੂਹਰੋਂ ਲੰਘਦਾ ਖੰਘੂਰਾ ਮਾਰ (ਕਿਤੇ) ਭੁੱਲੇ ਤਾਂ ਨੀ ਉਸਦੇ ਤਰਾ।
ਗੀਤਾਂ ਦੇ ਕਸਾਈ ਕਿਤੇ ਓਸਦੀ ਮਾਸ਼ੂਕ ਕੋਲੋਂ, ਗਾਣੇ ਤਾਂ ਨਹੀਂ ਰਹੇ ਸੀ ਗੁਆ।
ਉਸ ਦੇ ਮੁਹਾਂਦਰੇ ਦਾ ਪਿੰਡ ਦੀ ਜੁਆਨੀ ਉੱਤੇ ਚੜ੍ਹਿਆ ਜਾਂ ਨਹੀਂ ਕੋਈ ਪਾਹ।
ਵਾਏ ਨੀ ਵਾਏ ਸੁੱਖ ਦਾ ਸੁਨੇਹੜਾ ਲਿਆ ... ... ...

ਪਿੰਡ ਦੇ ਕਸਾਈਖ਼ਾਨੇ ਵਿੱਚੋਂ ਜਦੋਂ ਲੰਘੀ ਸੀ ਤੂੰ ਕਿੰਨਾਂ ਕੁ ਸੀ ਜ਼ੁਲਮਾਂ ਦਾ ਤਾਅ।
ਦੱਸ ਮੇਰੇ ਵੀਰਨੇ ਤੋਂ ਕਿਹੜੀ ਗੱਲ ਪੁੱਛਦੇ ਸੀ ਸੱਥ ਵਿੱਚ ਪੁੱਠਾ ਲਟਕਾ।
ਜ਼ੁਲਮਾਂ ਦੇ ਹੌਸਲੇ 'ਚ ਪਿੰਡ ਦਿਆਂ ਚੌਧਰੀਆਂ ਖਾਧਾ ਹੋਣੈਂ ਰੱਜ ਕੇ ਕੜਾਹ।
ਵਾਏ ਨੀ ਵਾਏ ਸੁੱਖ ਦਾ ਸੁਨੇਹੜਾ ਲਿਆ... ... ...

ਸੁਣੀਦਾ ਏ ਕਾਗਜ਼ਾਂ ਦੇ ਸ਼ੇਰ ਓਹਨੂੰ ਕਹਿੰਦੇ ਸਾਨੂੰ ਕਿਰਨਾਂ ਦਾ ਕਾਫ਼ਲਾ ਫੜਾ।
ਓਹਦੇ ਬੋਲਾਂ ਵਿੱਚੋਂ ਜੋ ਸੁਗੰਧੀਆਂ ਤੂੰ ਚੂਸੀਆਂ ਨੇ ਹਾੜ੍ਹੇ ਮੇਰੇ ਬੋਲਾਂ ਨੂੰ ਛੁਹਾ।
ਨੂੜੇ ਹੋਏ ਅੰਗਾਂ ਨੇ ਨੀ ਤਿੱਖੀਆਂ ਸੰਗੀਨਾਂ ਮੂਹਰੇ ਕੀਤਾ ਸੀ ਮੁਕਾਬਲਾ ਕਿ ਨਾ।
ਵਾਏ ਨੀ ਵਾਏ ਸੁੱਖ ਦਾ ਸੁਨੇਹੜਾ ਲਿਆ ... ... ...

ਮਾਰੇ ਗਏ ਮਿੱਤਰਾਂ ਦੇ ਪਿੰਡ ਚੀਵੇ ਵਾਏ ਖ਼ੈਰ ਸੁੱਖ ਦਾ ਸੁਨੇਹੜਾ ਲਿਆ !
ਉਸ ਮਾਂ ਦਾ ਬਣਿਆ ਕੀ ਆਂਦਰਾਂ ਦੀ ਅੱਗ ਜੀਹਦੀ ਗਈ ਕਸਤੂਰੀਆਂ ਖਿੰਡਾ!



1870 - 21 ਦਸੰਬਰ 1968

ਸੋਹਣ ਸਿੰਘ ਭਕਨਾ ਜਵਾਨੀ ਸਮੇਂ
ਫੋਟੋ: 'ਹਿੰਦੁਸਤਾਨ ਗਦਰ' 1916

# ਜਵਾਨਾਂ ਦੇ ਨਾਂ

'ਹਿੰਦੋਸਤਾਨ ਗਦਰ ਪਾਰਟੀ' ਦੇ ਪਹਿਲੇ ਪ੍ਰਧਾਨ ਬਾ: ਸੋਹਣ ਸਿੰਘ ਭਕਨਾ ਵੱਲੋਂ ਪਾਰਟੀ ਦੀ ਗੋਲਡਨ ਜੁਬਲੀ ਸਮੇਂ ਦੇਸ਼ ਦੇ ਨੌ-ਜੁਆਨਾਂ ਨੂੰ ਦਿੱਤਾ ਸੁਨੇਹਾ; (ਦੇਸ਼ ਭਗਤ ਯਾਦਾਂ: ਮਈ 1964)

ਦੇਸ਼ ਭਗਤੀ ਉਹ ਲਗਨ ਤੇ ਇਸ਼ਕ ਹੈ, ਜਿਸਨੂੰ ਲਗ ਜਾਵੇ, ਉਹ ਆਪਣੇ ਨਿਜੀ ਸੁਖ ਅਤੇ ਅਭਿਮਾਨ ਨੂੰ ਭੁਲ ਜਾਂਦਾ ਹੈ ਅਤੇ ਸਚੇ ਆਸ਼ਕ ਦੀ ਤਰ੍ਹਾਂ ਆਪਣੇ ਆਪਨੂੰ ਆਪਣੇ ਮਾਸ਼ੂਕ ਦੇਸ਼ ਉਪਰ ਕੁਰਬਾਨ ਕਰਨ ਲਈ ਹਰ ਵੇਲੇ ਤਿਆਰ ਰਹਿੰਦਾ ਹੈ। ਉਹ ਲਾਲਚ, ਸ਼ੁਹਰਤ ਅਤੇ ਮੌਤ ਤਕ ਦੇ ਡਰ ਤੋਂ ਵੀ ਬੇਪਰਵਾਹ ਹੁੰਦਾ ਹੈ। ਮਨੁਖ-ਜਾਤੀ ਦੀ ਸੇਵਾ ਖਾਤਰ ਉਸ ਵਿਚੋਂ ਇਹ ਗੱਲਾਂ ਉਡ ਜਾਂਦੀਆਂ ਹਨ। ਉਹ ਆਪਣੇ ਦੇਸ਼ ਖਾਤਰ ਇੰਜ ਜਲ ਮਰਦਾ ਹੈ, ਜਿਵੇਂ ਪਤੰਗਾ ਸ਼ਮ੍ਹਾਂ ਉਪਰ। ਸਿਰ ਦੇ ਕੇ ਆਪਣਾ ਯਾਰ ਮਨਾਉਣ ਦੀ ਧੁਨ ਉਸ ਦੇ ਦਿਲ ਦਿਮਾਗ ਵਿਚ ਹਮੇਸ਼ਾਂ ਗੂੰਜਦੀ ਰਹਿੰਦੀ ਹੈ ਅਤੇ ਉਹ ਹਰ ਵਕਤ ਉਸ ਸਮੇਂ ਦੀ ਉਡੀਕ ਵਿਚ ਰਹਿੰਦਾ ਹੈ ਜਦੋਂ ਉਹ ਦੇਸ਼ ਤੇ ਮਨੁਖ ਜਾਤੀ ਦੇ ਦੁਖਾਂ ਨੂੰ ਦੂਰ ਕਰਨ ਲਈ ਆਪਣੀ ਜਾਨ ਵਾਰ ਦੇਵੇ।

ਮੇਰੇ ਪਿਆਰੇ ਹਮਵਤਨ ਨੌਜਵਾਨੋ, ਮੈਂ ਤੁਹਾਡੇ ਅਗੇ ਇਕ ਪ੍ਰਸ਼ਨ ਕਰਨਾ ਆਪਣਾ ਫਰਜ਼ ਤੇ ਧਰਮ ਸਮਝਦਾ ਹਾਂ ਤੇ ਉਮੀਦ ਕਰਦਾ ਹਾਂ ਕਿ ਤੁਸੀਂ ਮੇਰੀ ਤਸੱਲੀ ਕਰੋਗੇ। ਇਹ ਸਵਾਲ ਮੈਂ ਸਾਰਿਆਂ ਨੌਜੁਆਨਾਂ ਦੇ ਸਾਹਮਣੇ ਬਗੈਰ ਕਿਸੇ ਮਜ਼ਹਬੀ ਫਰਕ ਅਤੇ ਪਾਰਟੀ ਫਰਕ ਤੋਂ ਰੱਖਦਾ ਹਾਂ। ਮੈਂ ਇਹ ਫਰਕ ਨਹੀਂ ਰੱਖਦਾ ਕਿ ਆਪ ਹਕੂਮਤ ਦੀ ਨੌਕਰੀ ਕਰ ਰਹੇ ਹੋ ਜਾਂ ਉਸ ਤੋਂ ਬਾਹਰ ਰਹਿ ਕੇ ਆਪਣਾ ਕੋਈ ਕੰਮ। ਮੈਂ ਸਮੁਚੇ ਤੌਰ ਤੇ ਸਾਰੀ ਨੌਜੁਆਨ ਜਮਾਤ ਤੋਂ ਪੁਛਦਾ ਹਾਂ ਕਿ ਜਿਸ ਜਗ੍ਹਾ ਤੁਸੀਂ ਕੰਮ ਕਰ ਰਹੇ ਹੋ, ਕੀ ਇਹ ਸੁਚੇ ਦਿਲੋਂ ਦੇਸ਼ ਭਗਤੀ ਦੇ ਜਜ਼ਬੇ ਨਾਲ ਆਪਣਾ ਫਰਜ਼ ਅਦਾ ਕਰ ਰਹੇ ਹੋ? ਜੇਕਰ 'ਹਾਂ' ਵਿਚ ਉਤਰ ਹੈ ਤਾਂ ਦੇਸ਼ ਦੀ ਕੌਮ ਦੇ ਧੰਨ ਭਾਗ ਸਮਝਦਾ ਹਾਂ, ਜਿਸਦੋ ਪੁਤਰ ਤਨ ਮਨ, ਅਤੇ ਧਨ ਨਾਲ ਮਾਤਰ ਭੂਮੀ ਦੀ ਸੇਵਾ ਕਰ ਰਹੇ ਹਨ। ਜੇ 'ਹਾਂ' ਵਿਚ ਜੁਆਬ ਨਹੀਂ ਤਾਂ ਮੈਨੂੰ ਬੜੇ ਦੁਖ ਨਾਲ ਸਖਤ ਸ਼ਬਦ, ਜਿਹੜੇ ਕਿ ਮੈਂ ਪਸੰਦ ਨਹੀਂ ਕਰਦਾ, ਵਰਤਣੇ ਪੈਂਦੇ ਹਨ। ਇਸ ਤਰ੍ਹਾਂ ਕਰਕੇ ਅਸੀਂ ਇਨਸਾਨੀਅਤ ਨੂੰ ਦਾਗ ਲਾ ਰਹੇ ਹਾਂ, ਅਤੇ ਆਪਣੇ ਦੁਖੀ ਦੇਸ਼ ਵਾਸੀਆਂ ਦੇ ਦੁਖ ਤੇ ਤੰਗੀ ਨੂੰ ਹੋਰ ਵਧਾ ਰਹੇ ਹਾਂ। ਤੇ ਆਪਣੀਆਂ ਨਿਜੀ ਐਸ਼-ਇਸ਼ਰਤ ਭਰੀਆਂ ਗਲਾਂ ਵਿਚ ਖੁਭ ਕੇ ਦੇਸ਼ ਨਾਲ ਗਦਾਰੀ ਕਰ ਰਹੇ ਹਾਂ। ਮਜ਼ਮੂਨ ਨੂੰ ਲੰਬਾ ਨਾ ਕਰਦੇ ਹੋਏ ਅੰਤ ਵਿਚ ਮੈਂ ਹਿੰਦੁਸਤਾਨ ਦੇ ਨੌਜਵਾਨ ਸਪੁਤਰਾਂ ਨੂੰ ਅਪੀਲ ਕਰਦਾ ਹਾਂ ਕਿ ਆਪਣੇ ਫਰਜ਼ ਨੂੰ ਪਛਾਣੋ ਅਤੇ ਆਜ਼ਾਦ ਦੇਸ਼ਾਂ ਦੀ ਸ਼ਹਿਰੀ ਜ਼ਹਿ-ਨੀਅਤ ਨੂੰ, ਜਿਸ ਵਿਚ ਤੁਹਾਡਾ ਦੇਸ਼ ਵੀ ਸ਼ਾਮਲ ਹੈ, ਅਖਤਿਆਰ ਕਰੋ ਅਤੇ ਅਗੇ ਵਧ ਚੁਕੀ ਦੁਨੀਆਂ ਦੇ ਨਾਲ ਆਪਣੇ ਮੁਲਕ ਨੂੰ ਹਰ ਪੱਖ ਤੋਂ ਮਿਲਾਉ। ਇਹ ਹੀ ਤੁਹਾਡਾ ਸੱਚਾ, ਸੁਚਾ ਤੇ ਮੁਖ ਫ਼ਰਜ਼ ਹੈ।

# ਕਮਾਲ, ਮੇਰੇ ਬੇਟੇ!

ਵਾਦੀਆ ਕਮਾਲ (ਫਲਸਤੀਨ)
ਅਨੁਵਾਦ: ਸੁਰਿੰਦਰ ਧੰਜਲ



ਸਿਰਲੱਥ ਫਲਸਤੀਨੀ ਗੁਰੀਲਾ ਲੀਡਰ 'ਕਮਾਲ ਨਾਸਰ' ਇਕ ਅਤਿ-ਪਿਆਰਾ ਕਵੀ ਵੀ ਸੀ ਜਿਹੜਾ ਦੋ ਹੋਰ ਗੁਰੀਲਿਆਂ ਸਮੇਤ ਅਪ੍ਰੈਲ 1973 ਵਿੱਚ ਲੈਬਨਾਨ ਦੀ ਰਾਜ-ਧਾਨੀ ਬੈਰੂਤ ਵਿੱਚ ਇਜ਼ਰਾਈਲੀ-ਜ਼ਾਇਨਿਸਟਾਂ ਹੱਥੋਂ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਇਹ ਕਵਿਤਾ ਕਮਾਲ ਦੀ ਮਾਤਾ 'ਵਾਦੀਆ ਕਮਾਲ' ਨੇ ਆਪਣੇ ਬਹਾਦਰ ਬੇਟੇ ਦੀ ਯਾਦ ਵਿੱਚ ਲਿਖੀ ਸੀ।

ਕਮਾਲ ਨੇ ਇਕ ਵਾਰ 'ਮੇਰੀ ਮਾਤ-ਭੂਮੀ ਦਾ ਗੌਰਵ' ਨਾਂ ਦੀ ਕਵਿਤਾ ਵਿੱਚ ਲਿਖਿਆ ਸੀ:

"ਜਿਓਂ ਜਿਓਂ ਮੈਂ ਆਪਣੀ ਮਾਤ-ਭੂਮੀ ਦਾ ਇਤਿਹਾਸ ਲਿਖਾਂਗਾ
ਆਪਣੀ ਅੱਗ ਵਰਗੀ ਜਵਾਨੀ ਤੇ ਸੰਘਰਸ਼ਮਈ-ਰੱਤ ਨਾਲ
ਮੈਂ ਲੋਕਾਂ ਲਈ ਇਕ ਮਾਣ-ਮੱਤਾ ਪੰਨਾ ਸਿਰਜਾਂਗਾ
ਜੁਝਾਰੂਆਂ ਦੇ ਸਫ਼ਰ ਵਿਚ
ਜਿੱਤ ਨਾਇਕਵਾਦ ਦਾ ਇਕ ਚਮਕਦਾ ਲਿਸ਼ਕਦਾ ਸਫ਼ਾ!"

ਯੋਧਿਆਂ ਵਾਂਗ ਲੜਦਿਆਂ ਤੇ ਮਾਤ-ਭੂਮੀ ਲਈ ਸ਼ਹੀਦ ਹੁੰਦਿਆਂ ਕਮਾਲ ਨੇ ਆਪਣੀ ਪ੍ਰਤਿੱਗਿਆ ਦਾ ਪਾਲਣ ਕੀਤਾ।

– ਅਨੁਵਾਦਕ

---

ਕਮਾਲ, ਮੇਰੇ ਬੇਟੇ!
ਵੈਰੀਆਂ ਨੇ ਮੈਨੂੰ ਮਿਲਣ ਨਹੀਂ ਦਿੱਤਾ ਤੈਨੂੰ
ਜਦੋਂ ਤੂੰ ਆਖ਼ਰੀ ਨੀਂਦ ਸੌਂ ਗਿਆ ਸੈਂ।
ਉਨ੍ਹਾਂ ਸੋਚਿਆ ਮੈਂ ਤੈਨੂੰ ਕਦੇ ਵੀ ਨਹੀਂ ਮਿਲ ਸਕਾਂਗੀ
ਪਰ ਮੈਂ ਤਾਂ ਹਰ ਥਾਂ ਮਿਲਦੀ ਹਾਂ ਤੈਨੂੰ
ਹਰ ਗੱਭਰੂ 'ਚੋਂ ਵੇਖਦੀ ਹਾਂ ਤੈਨੂੰ।

ਤੇਰੀ ਦ੍ਰਿੜ੍ਹ ਆਵਾਜ਼
ਅਜੇ ਵੀ ਗੂੰਜਦੀ ਹੈ ਮੇਰੇ ਕੰਨਾਂ 'ਚ:
"ਮੈਂ ਇਕ ਇਨਕਲਾਬੀ ਹਾਂ
ਤੇ ਕਦੇ ਨਹੀਂ ਮਰਾਂਗਾ।
ਜੂਝਦੇ ਸਫ਼ਰ ਵਿੱਚ
ਮੈਂ ਹਮੇਸ਼ਾਂ ਅੱਗੇ ਹੀ ਵਧਦਾ ਜਾਵਾਂਗਾ ਆਪਣੇ ਸਾਥੀਆਂ ਸੰਗ
ਮੈਂ ਸ਼ਮ੍ਹਾਂ ਬਾਲੀ ਹੈ ਆਪਣੀ ਜ਼ਿੰਦਗੀ ਨਾਲ
ਮੇਰਾ ਜਿਸਮ ਤੇਲ ਬਣ ਬਣ ਬਲਦਾ ਹੈ ਇਸਦੀ ਲਾਟ ਤੇ
ਮੈਂ ਕਦੇ ਵੀ ਨਹੀਂ ਮਰਾਂਗਾ
ਜਿਉਂਦਾ ਹੀ ਰਹਾਂਗਾ ਹਮੇਸ਼ਾਂ ਆਪਣੇ ਲੋਕਾਂ ਸਮੇਤ!"

ਕਮਾਲ, ਮੇਰੇ ਬੇਟੇ!
ਤੂੰ, ਮੈਂ ਪਾਲਿਆ-ਪਲੋਸਿਆ ਜਿਸਨੂੰ, ਕਹਿ ਰਿਹਾ ਏਂ:
"ਝੋਰਾ ਨਾ ਕਰ ਮਾਂ
ਨਵਾਂ ਜੀਵਨ ਨਹੀਂ ਸਿਰਜਿਆ ਜਾ ਸਕਦਾ ਕੁਰਬਾਨੀ ਬਿਨਾਂ
ਪੁਕਾਰਦੀ ਹੈ ਮੈਨੂੰ ਮਾਤ-ਭੂਮੀ
ਮਹਾਂ ਯੁੱਧ ਵਿੱਚ ਕੁੱਦਣ ਲਈ
ਤੇ ਜ਼ਿੰਦਗੀ ਅਰਪਣ ਕਰਨ ਲਈ ਇਨਕਲਾਬ ਦੇ ਨਾਂ।"

ਅਸਹਿ ਗ਼ਮ ਦੇ ਗਿਆ ਏਂ ਮੈਨੂੰ
ਇਸ ਲਈ ਨਹੀਂ ਕਿ ਮੈਂ ਮਾਂ ਹਾਂ ਤੇਰੀ
ਮੈਂ ਤੈਨੂੰ ਪਿਆਰਦੀ ਹਾਂ, ਮੇਰੇ ਹੀ ਲਹੂ ਮਾਸ!
ਤੂੰ ਆਪਣੀ ਮਾਤ-ਭੂਮੀ ਨੂੰ ਪਿਆਰ ਕੀਤਾ ਹੈ
ਦੁਨੀਆਂ ਦੇ ਸਭ ਤੋਂ ਨਿਰਮਲ ਪਿਆਰ ਨਾਲ।

ਮਾਣ ਭਰੀ ਹਾਂ ਮੈਂ
ਮਘ ਰਹੀ ਹਾਂ ਮੈਂ
ਉਸ ਜੁਝਾਰੂ ਦੀ ਮਾਂ ਹਾਂ ਆਖ਼ਰ:
"ਮਾਂ, ਹੰਝੂ ਕਿਸੇ ਦਾ ਭਰੋਸਾ ਡੁਲਾਉਂਦੇ ਹੀ ਨੇ ਕੇਵਲ
ਦ੍ਰਿੜ੍ਹ ਹੋਣ ਦੇ ਮੈਨੂੰ
ਅੱਗੇ ਵਧਣ ਦੇ ਮੈਨੂੰ
ਜੂਝਦੇ ਜਾਣ ਧਰਮ ਹੈ ਮੇਰਾ
ਤੇ ਮੈਨੂੰ ਪਤਾ ਹੈ ਕਿਵੇਂ ਜਿੱਤਣਾ ਹੈ ਗੌਰਵ ਆਪਣੇ ਵਤਨ ਲਈ!"

ਕਮਾਲ, ਮੇਰੇ ਬੇਟੇ!
ਮੇਰਾ ਭਵਿੱਖ ਵੀ ਤੇਰੇ ਵਾਲਾ ਹੀ ਹੈ ਉਹੀ–
ਲੜਦੇ ਜਾਣਾ ਧੂੰਆਂਧਾਰ ਝੜੱਪਾਂ ਦੇ ਸਨਮੁਖ।
ਤੂੰ ਸਾਡੀ ਯੁਵਕ ਪੀੜ੍ਹੀ ਦਾ ਚਿੰਨ੍ਹ
ਮਰਿਆ ਏਂ ਸ਼ਾਨ ਨਾਲ
ਦੁਸ਼ਮਣ ਮੈਨੂੰ ਝੁਕਾ ਨਹੀਂ ਸਕਦੇ, ਹਰਾ ਨਹੀਂ ਸਕਦੇ
ਮੇਰੇ ਜਿਸਮ ਤੇ ਰੂਹ 'ਚ ਭਰ ਗਿਆ ਹੈ ਜੂਝਣ ਜੋਸ਼-ਖਰੋਸ਼

ਸਾਡੇ ਯੁਵਕਾਂ 'ਚ ਜਿਉਂਦਾ ਰਹੇਂਗਾ ਤੂੰ ਹਮੇਸ਼
ਹਰ ਥਾਂ ਸੁਣੀ ਜਾ ਸਕਦੀ ਹੈ ਤੇਰੀ ਦ੍ਰਿੜ੍ਹ ਆਵਾਜ਼:
"ਸੰਘਰਸ਼ ਦਾ ਝੰਡਾ ਉੱਚਾ ਲਹਿਰਾਈਏ
ਵੈਰੀਆਂ ਨੂੰ ਢਾਹੀਏ
ਹਮੇਸ਼ਾਂ ਜਿਉਂਦੇ ਰਹਾਂਗੇ ਅਸੀਂ!"



- ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
  ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥
- ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ ॥
- ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
  ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
- ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ ॥
- ਸੀਸ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥

- ਗੁਰੂ ਨਾਨਕ

# ਸ਼ੇਖਚਿਲੀ ਤੇ ਗੁਰੂ ਨਾਨਕ
(ਆਧੁਨਿਕ ਰਾਜਨੀਤੀ ਦੇ ਨਾਂ)

- ਬਹਾਦਰ ਸਹੋਤਾ -

ਅੱਜ ਸਾਰੀ ਰਾਤ
ਮੈਂ ਦੂਰ ਨੀਲੇ ਆਕਾਸ਼ ਵਿੱਚ ਕਿੱਲ ਠੋਕਦਾ ਰਿਹਾ
ਤੇ ਆਪਣੀ ਸੋਚ ਦੇ ਦੁਰਾਡੇ ਪੱਤਣਾਂ ਤੱਕ
ਲੰਬੇ ਰੱਸਿਆਂ ਨਾਲ
ਸੁਫ਼ਨਿਆਂ ਦੇ ਸਖ਼ਤ ਫੱਟਿਆਂ ਦਾ
ਤਖ਼ਤਪੋਸ਼ ਬੀੜਦਾ ਰਿਹਾ... ...
... ... ... ... ... ... ...
... ... ... ... ... ... ...

ਇਸ ਤਖ਼ਤਪੋਸ਼ ਉਪਰ ਬੈਠਾ
ਮੈਂ ਚੰਲੱਤਰ-ਹੀਣ ਹਾਂ
ਮੇਰੇ ਦੋਨੋਂ ਹੱਥ
ਗੁਰੂ ਨਾਨਕ ਦੇ ਹੱਥ ਹਨ
ਇੰਨ੍ਹਾਂ ਵਿਚੋਂ ਇਨਸਾਨੀਅਤ ਭਾਵ ਦੀ ਰੋਸ਼ਨੀ
ਇਸ ਅਨੰਤ ਕੁਦਰਤ ਦਾ ਅਧਿਅਨ ਕਰਨ ਵਿੱਚ
ਮੇਰੀ ਨਜ਼ਰ ਦੀ ਸਹਾਇਕ ਹੈ
ਤੇ ਮੈਂ 'ਕੁਦਰਤ ਦਾ ਮਾਲਕ' ਹਾਂ ... ...
... ... ... ... ... ... ...
... ... ... ... ... ... ...

ਮੈਂ ਖ਼ੁਸ਼ ਹਾਂ
ਹਰ ਜਗਾਹ ਮੇਰੀ ਫ਼ਿਲਾਸਫ਼ੀ
'ਅਰਦਾਸ' ਬਣ ਗਈ ਹੈ
( ਅਰਦਾਸ : ਤੋਤੇ ਵਾਂਗ ਰਟੇ ਹੋਏ ਅੱਖਰ
ਜਿੰਨ੍ਹਾਂ ਨੂੰ ਅੰਨ੍ਹੇ ਵਾਹ ਦੁਹਰਾਈ ਜਾਣ ਨੂੰ 'ਧਰਮ' ਕਹਿੰਦੇ ਨੇ)
ਨਾਨਕ ਦੇ ਪੀੜੇ ਵਾਂਗ
ਕੁਦਰਤ ਥੰਮੀ ਬੈਠਾ ਹਾਂ ਮੈਂ
ਰੂਹਾਨੀਅਤ ਮੇਰੀ ਦੁਨੀਆਂ ਵਿੱਚ
ਕੋਈ ਥਾਂ ਨਹੀਂ ਰਖਦੀ
ਨਾਂ ਹੀ ਗੁਰੂਆਂ ਵਿੱਚ ਮੇਰਾ ਕੋਈ ਯਕੀਨ
(ਇਹ ਬਹੁਤ ਪੁਰਾਣੀ ਰੀਤ ਹੈ!)
ਪਰ ਬਦਲਦੀ ਚਾਲ ਵਿੱਚ
ਕਮਜ਼ੋਰ-ਦਿਲੀ ਨੂੰ ਆਸਰਾ ਦੇ ਲੈਣਾ ਕੋਈ ਜੁਰਮ ਨਹੀਂ
ਇਹ ਤਾਂ ਤਕਨੀਕ ਹੈ
'ਕੁਦਰਤ ਦਾ ਮਾਲਕ' ਹੋਣਾ
ਇਕ ਅਹਿਮ ਗੱਲ ... ...
... ... ... ... ... ... ...
... ... ... ... ... ... ...

# ਕੂੜ ਨਿਖੁੱਟੇ

ਦਰਸ਼ਨ ਗਿੱਲ

ਬਾਬਾ ਜੀ !
ਤੂੰ ਤੇ ਕਹਿੰਦਾ ਸੀ—
'ਕੂੜ ਨਿਖੁੱਟੇ'
ਪਰ ਏਸ ਨਗਰ—
ਸੱਚ ਨਿਖੁੱਟੇ !
ਇਸ਼ਤਿਹਾਰ ਸੱਚ ਦੇ
ਦਰ ਤੇਰੇ ਤੇ—
ਲਾਏ ਤੇਰੇ ਆਪਣੇ ਭਗਤਾਂ
ਕਰਕੇ ਪੁੱਠੇ !
ਤਾਂ ਕਿ ਰੋਕਣ ਰੂਹ
ਇਹਨਾਂ ਦੀ
ਭੁਲ-ਭੁਲੇਖੇ
ਜਾਗ ਪਈ ਜੇ —
ਮਾਰੂਗੀ ਇਨ੍ਹਾਂ ਦੇ ਜੁੱਤੇ !

ਬਾਬਾ ਜੀ !
ਤੂੰ ਕਹਿੰਦਾ ਸੀ —
'ਰਾਜੇ ਸ਼ੀਂਹ, ਮੁੱਕਦਮ ਕੁੱਤੇ !'
ਪਰ ਏਸ ? ਗਰ—
ਮੈਨੂੰ ਕੋਈ ਸ਼ੀਂਹ ਦਿਸਦਾ ਨਾ
ਨਾ ਕੋਈ ਮੈਨੂੰ ਮੁਕੱਦਮ ਦਿਸੇ !

ਪਰ ਬਾਬਾ,
ਤੇਰੇ ਘਰ ਦੇ ਆਲ-ਦੁਆਲੇ
ਲੱਖਾਂ ਟੁੱਕਰ-ਬੋਚ ਨੇ ਫਿਰਦੇ !
ਸੁਬਾਹ-ਸ਼ਾਮ ਜਿਨ੍ਹਾਂ ਮੂੰਹਾਂ ਤੋਂ,
ਚੁਗਲੀਆਂ ਦੇ ਫੁੱਲ ਨੇ ਕਿਰਦੇ !
ਫਿਰ ਉਹ
ਆਪੋਂ ਆਪ 'ਚ ਭਿੜਦੇ !
ਇੱਕ ਦੂਜੇ ਤੇ,
ਚਿੱਕੜ ਸੁਟਦੇ,
ਇਕ ਦੂਜੇ ਦੀ ਤੀਵੀਂ ਪੁੱਟਦੇ !
ਖੜਤਾਲਾਂ ਦੇ ਚੋਰ ਸ਼ੋਰ ਵਿਚ
ਮੈਨੂੰ ਲੱਗਦੇ ਤੇਰੇ ਕੰਨੀਂ—
ਇਹ ਕੋਈ 'ਵਾਜ
ਨਾ ਪਹੁੰਚਣ ਦੇਂਦੇ !
ਬਾਬਾ ਜੀ ! ਕੇਹੇ ਨੇ
ਇਹ 'ਕਹਿੰ' ਦੇ ਪੇਂਦੇ !

ਬਾਬਾ ਜੀ !
ਤੂੰ ਤੇ ਕਿਹਾ ਸੀ —
'ਮਿਟੀ ਮੁਸਲਮਾਨ ਕੀ
ਪੇੜੇ ਪਈ ਕੁਮਿਆਰ !
ਘੜਿ ਭਾਂਡੇ ਇੱਟਾ ਕੀਆ,
ਜਲਦੀ ਕਰੇ ਪੁਕਾਰ !'
ਪਰ ਬਾਬਾ,
ਏਸ ਨਗਰ ਦੀ ਮਿੱਟੀ
ਰੋਵੇ ਚਾਰੇ ਚਾਰ !
ਸੋਨੇ ਦੀਆਂ ਇੱਟਾਂ ਬਣਦੀਆਂ
ਤੇ ਦੌਲਤ ਬੇਸ਼ੁਮਾਰ !
ਬਾਬਾ ! ਇਹ ਕੇਹੇ ਘੁਮਿਆਰ !
ਏਸ ਨਗਰ ਵਿਚ
ਮਿੱਟੀ ਖਾਤਰ ਜੰਗਾਂ ਹੁੰਦੀਆਂ !
ਨਿੱਤ ਦਿਹਾੜੇ
ਇਕ ਦੂਜੇ ਦਾ ਸਿਰ
ਪਾੜਨ ਦੀਆਂ ਮੰਗਾਂ ਹੁੰਦੀਆਂ !

ਬਾਬਾ ਤੇਰਾ ਕਹਿਣਾ —
'ਨਿਵੈ ਸੁ ਗਉਰਾ ਹੋਇ'
ਪਰ ਇਹ ਨਾਗਾਂ ਵਾਕੁਰ
ਸਿਰ ਚੱਕਦੇ ਨੇ !
ਇਕ ਦੂਜੇ ਨੂੰ
ਨਿੱਤ ਡੱਸਦੇ ਨੇ !
ਨਿੱਤ ਦਿਹਾੜੇ
ਇਕ ਦੂਜੇ ਸੰਗ
ਜਾ ਫਸਦੇ ਨੇ !
ਇਕ ਦੂਜੇ ਨੂੰ,
ਕੌਰੀਆਂ ਨਜ਼ਰਾਂ
ਸੰਗ ਤੱਕਦੇ ਦੇ ਨੇ !

ਇਹ ਨਗਰ ਤਾਂ
ਸੱਚ ਦੀ ਹੋਂਦ ਗੁਆ ਬੈਠਾ ਹੈ ।
ਬਾਬਾ,
ਤੇਰੇ ਸਾਰੇ ਕਹਿਣੇ
ਮਿੱਟੀ ਵਿਚ ਰੁਲਾ ਬੈਠਾ ਹੈ ।

---

ਦਰਸ਼ਨ ਗਿੱਲ ਦੇ ਦੋ ਕਾਵਿ-ਸੰਗ੍ਰਹਿ

ਰੂਪ ਅਰੂਪ

ਸੰਦਲ ਦੀ ਅੱਗ

ਪੰਜਾਬੀ ਫਿਲਮ

# ਸੱਗਾ

ਦਾਰਾ ਸਿੰਘ
ਖਰੈਤੀ ਭੈਂਗਾ
ਇੰਦਰਾ ਬਿੱਲੀ

ਮੈਟਰੋ ਥੀਏਟਰ ਵੈਨਕੂਵਰ
19 ਦਸੰਬਰ 76

**Phone: 325-1917**

## JANKAR FILMS

ਝਨਕਾਰ ਫਿਲਮਜ਼

## ਰੋਜ਼ ਕਨਸਟਰੱਕਸ਼ਨ
## ROSE CONSTRUCTION

**FREE ESTIMATES
PROFESSIONAL DESIGNERS &
CONTRACTORS**

**PHONE ANYTIME 321-6337/435-3634**

ਜੇਕਰ ਤੁਸੀਂ ਨਵਾਂ ਘਰ ਖਰੀਦ ਰਹੇ ਹੋ ਤਾਂ ਤਜਰਬੇਕਾਰ ਸਲਾਹ ਮਸ਼ਵਰੇ ਲਈ ਸਾਨੂੰ ਫ਼ੋਨ ਕਰੋ। ਅਸੀਂ ਤੁਹਾਨੂੰ ਘਰ ਦੀ ਮਜ਼ਬੂਤੀ ਬਾਰੇ ਦੱਸ ਸਕਦੇ ਹਾਂ; ਬਿਜਲੀ ਸਿਸਟਮ ਤੇ ਵਾਇਰਿੰਗ, ਪਲੰਬਿੰਗ, ਨੀਹਾਂ, ਛੱਤ, ਖਿੜਕੀਆਂ, ਇਨਸੂਲੇਸ਼ਨ, ਬਾਥਰੂਮ, ਟਰਸ ਆਦਿਕ ਚੈੱਕ ਕਰ ਸਕਦੇ ਹਾਂ ਤੇ ਇਸ ਤਰ੍ਹਾਂ ਰੈਨੋਵੇਸ਼ਨ ਕੀਮਤ ਦੇ ਹਜ਼ਾਰਾਂ ਡਾਲਰ ਬਚਾ ਸਕਦੇ ਹਾਂ।

ਬਹੁਤ ਲੋਕ ਜਿਹੜੇ ਐਕਸਪਰਟ ਪੁੱਛ-ਪੜਤਾਲ ਨਹੀਂ ਕਰਦੇ; ਹਜ਼ਾਰਾਂ ਡਾਲਰਾਂ ਦਾ ਘਰ ਖਰੀਦਕੇ ਵੀ ਉਨ੍ਹਾਂ ਨੂੰ ਕਈ ਮੁਸ਼ਕਲਾਂ ਖੜੀਆਂ ਹੀ ਰਹਿੰਦੀਆਂ ਹਨ।

ਜੇ ਤੁਹਾਡੇ ਖਰੀਦਣਯੋਗ ਘਰ ਵਿੱਚ ਕੋਈ ਉਪਰ ਦਿੱਤੀ ਖਾਮੀ ਨਾ ਹੋਵੇ ਤਾਂ ਅਸੀਂ ਤੁਹਾਨੂੰ ਅੰਦਰ ਵਿੱਚ ਘਰ ਨੂੰ ਰੀਮਾਡਲਿੰਗ ਕਰਨ; ਖੇਡਣ-ਕਮਰਾ, ਸਨਡੈੱਕ, ਐਕਸਟੈਨਸ਼ਨਜ਼, ਬਾਥਰੂਮ, ਰਸੋਈ ਆਦਿ ਬਣਵਾਉਣ ਦੀ ਕੀਮਤ ਬਾਰੇ ਠੀਕ ਅਗਾਊਂ ਦੇ ਸਕਦੇ ਹਾਂ।

## ਘਰ ਖਰੀਦਣ ਤੋਂ ਪਹਿਲਾਂ ਸਾਨੂੰ ਫ਼ੋਨ ਕਰੋ!

# ਗ਼ਜ਼ਲ

- ਸਾਥੀ ਲੁਧਿਆਣਵੀ -

( ਪਿਛਲੇ ਮਹੀਨੇ ਸਾਊਥਾਲ 'ਚ ਹੋਏ ਇਕ ਕਵੀ-ਦਰਬਾਰ ਵਿੱਚ 'ਵਤਨੋਂ ਦੂਰ' ਦੇ ਸਨੇਹੀ ਸਾਧੂ ਹੁਰੀਂ ਮਿਲੇ ਸਨ। ਸਭ ਤੋਂ ਵਧੀਆ ਗੱਲ ਇਹ ਹੋਈ ਕਿ ਉਨ੍ਹਾਂ 'ਵਤਨੋਂ ਦੂਰ' ਦਾ ਇਕ ਪਰਚਾ ਦੇਣ ਦੀ ਮਿਹਰਬਾਨੀ ਵੀ ਕੀਤੀ। ਸਾਰਾ ਪਰਚਾ ਪੜ੍ਹਿਆ ਹੈ। ਬਹੁਤ ਵਧੀਆ ਯਤਨ ਹੈ। ਪਰ ਕੈਨੇਡਾ ਸੰਬੰਧੀ ਹੋਰ ਵੀ ਵਧੇਰੇ ਰਚਨਾਵਾਂ ਦਿਆ ਕਰੋ। ਯਤਨ ਕਰਾਂਗਾ ਕਿ ਕਦੇ ਕਦੇ ਤੁਹਾਨੂੰ ਕੁਝ ਲਿਖਕੇ ਵੀ ਭੇਜ ਸਕਾਂ।

ਤੁਹਾਡਾ - ਸਾਥੀ ਲੁਧਿਆਣਵੀ ਲੰਡਨ (ਇੰਗਲੈਂਡ)-17.9.76 )

ਯਾਰ ਦੀ ਯਾਰੀ ਤੇ ਨਹੀਂ ਸ਼ਿਕਵਾ ਕੋਈ।
ਕਰਦੈ ਕੋਈ ਵਫ਼ਾ ਅਤੇ ਜਫ਼ਾ ਕੋਈ।
ਟਾਹਣੀਆਂ ਪੱਤੀਆਂ 'ਚ ਲੱਖ ਛੁਪਦਾ ਫਿਰੇ,
ਭੌਰ ਲਈ ਫੁੱਲਾਂ ਦਾ ਨਹੀਂ ਪਰਦਾ ਕੋਈ।
ਯਾਦ ਦੀ ਪੁਸਤਕ 'ਚ ਕੇਵਲ ਨਾਂ ਤੇਰਾ,
ਪਰਤਕੇ ਤੱਕ ਲੈ ਇਹਦਾ ਸਫ਼ਾ ਕੋਈ।
ਅਜ਼ਲ ਤੋਂ ਕੀਤੈ ਜ਼ਮਾਨੇ ਨੇ ਸਿੱਤਮ,
ਪਿਆਰ ਦਾ ਘੁੱਟ ਪੀਕੇ ਨਾ ਹਰਦਾ ਕੋਈ।
ਗ਼ਲਤਫ਼ਹਿਮੀ ਏ ਨੇ ਉਹ ਡਾਢੇ ਸ਼ਿਕਾਰ,
ਭਾਲਦੇ ਜੋ ਇਸ਼ਕ ਵਿੱਚ ਨਫ਼ਾ ਕੋਈ।
ਹੋਰ ਭੀ ਤਾਰੀਫ਼ ਕਰ ਦਏ ਹੁਸਨ ਦੀ,
ਵੇਖ ਲਏ ਤੈਨੂੰ ਜੇਕਰ ਖਫ਼ਾ ਕੋਈ।
ਕਰਕੇ ਬਹਿ ਗਏ ਹਾਂ ਨਿਛਾਵਰ ਜ਼ਿੰਦਗੀ,
ਅਜੇ ਵੀ ਮੰਗਦਾ ਪਿਐ ਤੁਹਫ਼ਾ ਕੋਈ।

---

# ਪੰਜਾਬੀ ਲਿਟਰੇਰੀ ਐਸੋਸੀਏਸ਼ਨ·

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਵੱਲੋਂ ਪ੍ਰਕਾਸ਼ਿਤ ਕੀਤੇ ਜਾ ਰਹੇ, ਕੈਨੇਡਾ ਦੇ ਕਵੀਆਂ ਦੇ ਸੰਗ੍ਰਹਿ ਵਿੱਚ ਸ਼ਾਮਲ ਕੀਤੇ ਜਾਣ ਲਈ ਬਹੁਤ ਸਾਰੇ ਕਵੀਆਂ ਦੀਆਂ ਰਚਨਾਵਾਂ ਤਾਂ ਪੁੱਜ ਗਈਆਂ ਹਨ ਪਰ ਸਭਨਾਂ ਵੱਲੋਂ ਸਵੈ-ਵਾਕਫ਼ੀ ਨਹੀਂ ਪੁੱਜੀ। ਜਿਨ੍ਹਾਂ ਲੇਖਕਾਂ ਦੇ ਨਾਂ ਹੇਠ ਲਕੀਰ ਹੈ ਉਹ ਕਿਰਪਾ-ਪੂਰਬਕ ਆਪਣੀ ਵਾਕਫ਼ੀ: ਪੂਰਾ ਨਾਂ, ਪਤਾ, ਜਨਮ-ਤਰੀਕ, ਜਨਮ-ਸਥਾਨ, ਪ੍ਰਕਾਸ਼ਨਾਵਾਂ, ਕਿੱਤਾ, ਸ਼ੌਕ, ਕਾਵਿ-ਸਿਧਾਂਤ ਆਦਿ ਦਸੰਬਰ ਦੇ ਦੂਜੇ ਹਫ਼ਤੇ ਤੱਕ ਭੇਜਣ ਦੀ ਮਿਹਰਬਾਨੀ ਕਰਕੇ ਧੰਨਵਾਦੀ ਬਣਾਉਣ:

ਗੁਰਚਰਨ ਰਾਮਪੁਰੀ, ਨਵਤੇਜ ਭਾਰਤੀ, ਕੇਸਰ ਸਿੰਘ ਨਾਵਲਿਸਟ, ਰਵਿੰਦਰ ਰਵੀ, ਗੁਰੂਮੇਲ, ਸੁਰਿੰਦਰ ਧੰਜਲ, ਅਜਮੇਰ ਰੋਡੇ, ਦਰਸ਼ਨ ਗਿੱਲ, ਗਿੱਲ ਮੋਰਾਂਵਾਲੀ, ਕਸ਼ਮੀਰਾ ਸਿੰਘ ਚਮਨ, ਸਾਧੂ, 'ਸੂਫ਼ੀ' ਅਮਰਜੀਤ, ਉੱਜਲ ਦੋਸਾਂਝ, ਸੁਰਜੀਤ ਕਲਸੀ, ਹਰਿਮੰਦਰ, ਗੁਰਮੀਤ ਛੀਨਾਂ, ਦਰਸ਼ਨ ਬੈਂਸ, ਹਰਜਿੰਦਰ, ਮੋਹਣ ਬੀਕਾ, ਲਾਟ ਭਿੰਡਰ, ਸੁਖਿੰਦਰ, ਇਕਬਾਲ ਰਾਮੂਵਾਲੀਆ, ਕਰਮਜੀਤ ਘੁਮਾਣ, ਜੀਵਨ ਰਾਮਪੁਰੀ, ਕਰਨੈਲ ਮਾਨ, ਕਰਮ ਸਿੰਘ, ਜਰਨੈਲ ਚੰਦੀ, ਜਸਬੀਰ ਗੁਰਮ

ਜੇ ਕੋਈ ਸਨੇਹੀ ਕਿਸੇ ਕਾਰਣ ਨਿਜੀ ਵਾਕਫ਼ੀ ਨਾਂ ਭੇਜਣੀ ਪਸੰਦ ਕਰੇ, ਐਸੋਸੀਏਸ਼ਨ ਨੂੰ ਕੋਈ ਇਤਰਾਜ਼ ਨਹੀਂ। ਇਹ ਪੁਸਤਕ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੀ ਐਗਜ਼ੈਕਟਿਵ ਕਮੇਟੀ ਵੱਲੋਂ ਸੰਪਾਦਿਤ ਕੀਤੀ ਜਾ ਰਹੀ ਹੈ ਅਤੇ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ ਵਿੱਚ ਸਰਬ-ਸੰਮਤੀ ਨਾਲ ਸੰਪਾਦਨਾ ਦੀ ਮੁੱਖ ਜ਼ਿੰਮੇਵਾਰੀ: ਗੁਰਚਰਨ ਰਾਮਪੁਰੀ, ਅਜਮੇਰ ਰੋਡੇ ਤੇ ਸੁਰਿੰਦਰ ਧੰਜਲ ਨੂੰ ਸੰਭਾਲੀ ਗਈ ਹੈ। ਪੁਸਤਕ ਦੀ ਛਪਾਈ ਦੇ ਖਰਚ ਵਿੱਚ ਛਪ ਰਹੇ ਸਾਰੇ ਲੇਖਕ ਬਰਾਬਰ ਦਾ ਯੋਗਦਾਨ ਪਾਉਣਗੇ।

P.O. BOX 1041
COQUITLAM, B.C., V3J 6Z4

ਸੁਰਿੰਦਰ ਧੰਜਲ (ਪ੍ਰੈੱਸ ਸਕੱਤਰ)
ਫ਼ੋਨ: 874-2254

# ਤੰਙਾ

ਜਗਜੀਤ



ਵੱਡੀ ਪਹਿਰ ਦੇ ਤੜਕੇ ਬਖਤੌਰੀ ਨੇ ਮਿਰਜ਼ੇ ਦੀ ਹੇਕ ਨਾਲ ਪਹਿਲੀ ਰੋਹਿਲ ਵਗਲੀ। ਚੰਨ ਚਾਨਣੀ ਰਾਤ ਵਿਚ ਤ੍ਰੇਲ ਦੇ ਤੁਪਕੇ ਮ੍ਰਿਗ ਦੀ ਅੱਖਾਂ ਵਾਂਗ ਝਾਕ ਰਹੇ ਸੀ। ਅੱਗੇ ਉਹ ਹਰ ਵਾਰ ਅੱਧ ਸੌਣ ਤਕ ਮੱਕੀ ਬੀਜ ਲੈਂਦਾ, ਪਰ ਇਸ ਵਾਰ ਨਨਿਹਉਂਰੀ ਵਿਆਹ ਜਾਣ ਕਰਕੇ ਉਹ ਪਛੇਤਾ ਹੋ ਗਿਆ ਸੀ। ਤੇ ਅੱਜ ਉਹਨੇ ਕਰੜੇ ਦਿਲ ਨਾਲ ਧਾਰੀ ਸੀ ਬਈ ਦੋਹਰਾ ਜੋਤਾ ਲਾ ਕੇ ਇਹ ਸਾਰਾ ਕਿੱਲੇ ਦਾ ਕਿਆਰ ਸੁਹਾਗ ਦੇਣਾ। ਤੇ ਅਗਲੀ ਸਵੇਰ ਮੱਕੀ ਕੇਰ ਦੇਣੀ ਐਂ। ਤੇ 'ਅੱਗੇ ਤੇਰੇ ਭਾਗ ਲੱਛੀਏ' ਇਹ ਉਹਨੇ ਉਵੇਂ ਹੀ ਸੁਭਾਇਕੀ ਜਹੇ ਕਹਿ ਦਿੱਤਾ ਜਿਵੇਂ ਅਗੇ ਹਰੇਕ ਗੱਲ ਨਾਲ ਕਹਿ ਦਿੰਦਾ। ਇਹ ਤਾਂ ਉਸ ਦੀ ਜ਼ੁਬਾਨ ਤੇ ਏਨਾ ਚੜ੍ਹ ਗਿਆ ਸੀ ਕਿ ਉਹ ਕਈ ਵਾਰੀ ਆਪਣੇ ਪਿਉ ਦਾ ਵੀ ਲਿਹਾਜ਼ ਨਾ ਕਰ ਸਕਦਾ। "ਲੈ ਅੱਜ ਬਾਪੂ ਓਏ ਮਸੀਂਕਨ ਪੋਰ ਆਇਆਂ ਅੱਗੇ ਤੇਰੇ......।" ਗੁਰਦਿੱਤੇ ਨੇ ਤਕੜੀ ਮੋਟੀ ਗਾਲ੍ਹ ਨਾਲ ਉਸ ਦੀ ਗੱਲ ਵਿਚੇ ਈ ਵੱਢ ਦਿੱਤੀ। ਦੋ ਕਿੱਲੇ ਮੱਕੀ, ਕਿੱਲਾ ਕਪਾਹ ਤੇ ਡੇਢ ਕਿੱਲਾ ਚਰੀ ਗੁਆਰਾ ਬੀਜ ਕੇ ਤਿੰਨ ਕਿੱਲੇ ਸਾਨਵੀ ਕਣਕ ਲਈ ਰੱਖ — ਲਏ ਸੀ। ਤੇ

# ANAND

# JEWELLERS

7211 MAIN STREET,

VANCOUVER, B.C.

321-6214

Where you can get all types

of

Real and Artificial jewellery and all types of oriental designs can be made!

SALE AND REPAIR OF WATCHES

•

Repair of Ornaments from 50 cents ...


ਬਾਕੀ ਇਹੋ ਸਵਾ ਕਿੱਲੇ ਦਾ ਕਿਆਰ ਹੀ ਰਹਿ ਗਿਆ ਸੀ ਬੀਜਣ ਖੁਣੋਂ। ਇਸ ਕਿਆਰ ਨਾਲ ਉਹਦੀ ਡੂੰਘੀ ਸਾਂਝ ਸੀ। ਸ਼ਾਇਦ ਇਸ ਲਈ ਕਿ ਇਸ ਬਿਸਵਾ ਕਿੱਲੇ ਦੀ ਮੱਕੀ ਉਹਦੇ ਆਪਣੇ ਘਰ ਜਾਣੀ ਸੀ। ਕਿਸੇ ਨੇ ਅੱਧ ਨਹੀਂ ਸੀ ਵੰਡਾਉਣਾ। ਏਸ ਲਈ ਸ਼ਾਇਦ ਟਿਊਬਵੈੱਲ ਮੂਹਰਦਾ ਏਹ ਕਿਆਰ ਉਸ ਨੇ ਸਾਰਾ ਸਿਆਲ ਕਰਾਹ ਲਾ-ਲਾ ਏਨਾ ਪੱਧਰਾ ਕਰ ਦਿੱਤਾ ਸੀ ਕਿ ਭਾਵੇਂ ਇਕ ਨੱਕੇ ਪਾਣੀ ਛਡ ਲਵੇ। ਤੇ ਮੁੜਦੀ ਸੌਣੀ ਸਤਾਰਾਂ ਗੱਡੇ ਪਚੇ ਹੋਏ ਰੂੜੀ ਦੇ ਰੇਹ ਦੇ ਜਿਨ੍ਹਾਂ ਥਾਵਾਂ ਤੋਂ ਮਿੱਟੀ ਚੱਕੀ ਸੀ ਲਾਹ ਕੇ ਨੰਤ ਤੇੜ ਦੀਆਂ ਸੱਭ ਮੱਕੀਆਂ ਨਾਲੋਂ ਜ਼ਿਆਦਾ ਮੱਤੀ ਕਢੀ ਸੀ। ਕੱਲੇ ਕੱਲੇ ਟਾਂਡੇ ਨੂੰ ਦੋ ਦੋ ਛੱਲੀਆਂ। ਤੇ ਮੁੜਦੀ ਗੇੜ ਕਣਕ ਸਾਨਵੀ ਕਣਕ ਨੂੰ ਭੂੰਜੇ ਲਾਹੁੰਦੀ ਸੀ। ਇਸ ਵਾਰ ਉਸ ਨੇ ਫੇਰ ਤੇਰਾਂ ਵਾਹਾਂ ਲਾ ਕੇ ਨਾ ਕੋਈ ਘਾਹ ਦੀ ਤਿੜ ਰਹਿਣ ਦਿੱਤੀ ਸੀ ਤੇ ਨਾ ਭੋਰਾ ਡਲੀ ਪੈਣ ਦਿੱਤੀ ਸੀ। ਪੀਠੀ ਕਮਾਦ ਦੀ ਸ਼ੱਕਰ ਵਾਂਗ ਮਿੱਟੀ ਭੁਰਦੀ। ਰਤਾ ਗਿੱਲ ਘਟ ਕਰਕੇ ਅੱਜ ਉਹਨੇ ਕਹਿਰੀ ਵਾਹ ਲਾ ਕੇ ਤੀਹਰੀ ਸੁਹਾਗੀ ਮਾਰਨੀ ਸੀ। ਤੇ ਅੱਜ ਚੰਦ ਚੜ੍ਹਦੇ ਦੇ ਨਾਲ ਹੀ ਉਸ ਆ ਰਹਿਲ ਵਗਲੀ ਸੀ। ਪਰ ਅਜੇ ਦੋ ਰਹਿਲਾਂ ਵੀ ਨਹੀਂ ਸੀ ਵਗਲੀਆਂ ਉਹਦੇ ਹੱਡ ਜਹੇ ਦੁਖਣ ਲਗ ਪਏ। ਸ਼ਾਇਦ ਉਣੀਂਦੇ ਕਰਕੇ ਜਾਂ ਫਿਰ ਰਾਤ ਸ਼ਰਾਬ ਪੀਣ ਕਰਕੇ। ਉਂਜ ਰਾਤ ਸ਼ਰਾਬ ਪੀਣੀ ਉਹਨੂੰ ਰਾਸ ਨਾ ਆਈ। ਜਿਸ ਕੰਮ ਦੀ ਉਹਨੂੰ ਝਾਕ ਸੀ ਉਹ ਵਿਚੇ ਹੀ ਰਹਿ ਗਿਆ। ਕੱਲ ਉਹਨੇ ਜੀ ਭਰ ਕੇ ਆਪਣੀ ਵਹੁਟੀ ਜੀਤੋ ਨੂੰ ਉਡੀਕਿਆ ਸੀ। ਸਾਉਣ ਦੀ ਸੰਗਰਾਂਦ ਤੇ ਉਹ ਨਨਹਿਓਰੀਂ ਜੀਤੋ ਦੇ ਮਾਮੇ ਦੇ ਮੁੰਡੇ ਦੇ ਵਿਆਹ ਤੇ ਗਏ ਸੀ। ਤੇ ਉਥੋਂ ਜੀਤੋ ਵੇਹਰ ਗਈ ਸੀ "ਮੈਂ ਤਾਂ ਮ੍ਹੀਨਾ ਮਾਣਕੀਂ ਲਾ ਕੇ ਔਣਾ।"

'ਓਏ ਤੂੰ ਭਾਵੇਂ ਦੋ ਮਹੀਨੇ ਲਾ ਆਈਂ। ਮੈਂ ਕਿਹੜਾ ਓਦਰਨ ਲੱਗਾਂ। ਏਥੇ ਤਾਂ ਜੱਟ ਦਾ ਮਹੀਂ ਵਾਲਾ ਜੇਰਾ ਐ।" ਸਾਲੀਆਂ ਸਾਹਵੇਂ ਉਹ ਦਖੌਣਾ ਚਾਹੁੰਦਾ ਸੀ ਬਈ ਬੜਾ ਜਣੇ ਵਾਲਾ ਜੱਟ ਐ। ਪਰ ਚਹੁੰ ਪੰਜਾਂ ਦਿਨਾਂ ਵਿਚ ਈ ਮਾਂ ਪੁਤ ਦੀ ਭਿਆਂ ਬੋਲ ਗਈ।

ਜਦੋਂ ਦੀ ਜੀਤੋ ਵਿਆਹੀ ਆਈ ਸੀ, ਪੇਕੀਂ ਘੱਟ ਵੱਧ ਈ ਗਈ ਸੀ। ਤੇ ਘਟ ਵਧ ਈ ਉਹਨੇ ਸੱਸ ਨੂੰ ਚੌਕੇ-ਚੁੱਲ੍ਹੇ ਵੜਨ ਦਿੱਤਾ ਸੀ। ਘਰ ਦਾ ਸਾਰਾ ਕੰਮ ਜੀਤੋ ਤੇ ਈ ਸੀ। ਚਾਅ ਚੜ੍ਹਿਆਂ ਆਕਰ ਉਹ ਊਠੀ ਵਾਂਗ ਘੂਕਦੀ ਝਟ ਸਾਰਾ ਕੰਮ ਨਬੇੜ ਲੈਂਦੀ। ਬਖਤੌਰੀ ਦੀ ਮਾਂ ਬਚਣੀ ਤਾਂ ਦਮੇ ਦੀ ਬਿਮਾਰ ਹਰ ਵੇਲੇ ਖਹੂੰ ਖਹੂੰ ਕਰਦੀ, ਖੰਗਾਰ ਸੁਟਦੀ ਰਹਿੰਦੀ। ਥੁੱਕ ਤੇ ਖੰਗਾਰ ਤਾਂ ਉਹ ਰੋਟੀਆਂ ਲਾਹੁੰਦੀ ਚੁੱਲ੍ਹੇ ਦੇ ਵੱਟੇ ਨਾਲ ਪਈ ਸੁਆਹ ਤੇ ਸੁਟਦੀ ਰਹਿੰਦੀ। ਤੇ ਹਾਰ ਕੇ ਉਹਨੇ ਮਾਂ ਨੂੰ ਕਹਿ ਈ ਦਿੱਤਾ "ਤੂੰ ਮਾਣਕੀਂ ਕਿਉਂ ਨੀ ਸੁਨੇਹਾਂ ਘਲਦੀ, ਐਵੇਂ ਆਪ ਖਹੁਜਦੀ ਐਂ। ਉਥੇ ਉਹ ਫੁਲਾਂ ਜਾਂਦੀ ਐਸ਼ ਕਰਦੀ ਐ।" ਦੋ ਤਿੰਨ ਗਾਲਾਂ ਸਹੁਰਿਆਂ ਨੂੰ ਤੇ ਦੋ ਤਿੰਨ ਜੀਤੋ ਨੂੰ ਕੱਢਦਾ ਉਹ ਬਾਹਰ ਖੇਤ ਨੂੰ ਚਲਿਆ ਗਿਆ। ਪਾਂਗੀ ਬਚਣੀ ਤਾੜ ਗਈ ਸੀ ਤੌਰੀ ਦੇ ਚਹੁ ਪੰਜਾਂ ਦਿਨਾਂ ਦੇ ਤੌਰ ਕਿਉਂ ਵਿਗੜੇ ਸਨ, ਛੋਟੀਆਂ ਛੋਟੀਆਂ ਗੱਲਾਂ ਤੇ ਆਨੇਂ ਜੇ ਕਿਉਂ ਕਢਦਾ।

ਅਗਲੇ ਹੀ ਦਿਨ ਉਹਨੇ ਰੂਪੇ 'ਝੱਗੀ ਵਾਲੇ ਹੱਥ ਸੁਨੇਹਾ ਘਲ ਦਿੱਤਾ 'ਬਈ ਮੁੜਦੇ ਬੁਧ ਵਾਰ ਜੀਤੋ ਨੂੰ ਛੱਡ ਜਾਣ।" ਤੇ ਕਲ ਬੁਧਵਾਰ ਸਵੇਰ ਤੋਂ ਈ ਬਖਤੌਰੀ ਦੀਆਂ ਅੱਖਾਂ ਮਾਣੂਕਿਆਂ ਦੇ ਰਾਹ ਵਲ ਟੱਡੀਆਂ ਰਹੀਆਂ। ਕੱਲ ਇਸੇ ਕਿਆਰ 'ਚੋਂ ਉਹ ਘਾਹ ਦੀਆਂ ਰਹਿੰਦੀਆਂ ਖੂੰਹਦੀਆਂ ਤਿੜਾਂ ਚੁੱਗਦਾ ਪਹਿਲੇ ਜੰਤੇ ਘਰ ਗਿਆ ਸੀ ਤੇ ਘਰ ਜਾਂਦੇ ਹੀ ਉਹਨੇ ਝਟਾ ਝਟ ਤੇ ਮੰਨੀਆਂ ਡੰਬੀਆਂ ਤੇ ਬਿਨਾ ਨ੍ਹਾਤੇ ਅੱਡੇ ਖਤ ਕਢਾਉਣ ਚਲਿਆ ਗਿਆਂ। ਘਰ ਆ ਕੇ ਉਹਨੇ ਸ਼ੀਸ਼ੇ ਵਿਚ ਵੇਖਿਆ ਤਾਂ ਮੁੱਛਾਂ ਅਗਾੜ ਦੁਗਾੜੀਆਂ ਲੱਗੀਆਂ ਹਮੀਰੇ ਨਾਈ ਨੂੰ ਗਾਲ੍ਹਾਂ ਕਢਦਾ ਮੋਚਣਾ ਫੜ ਆਪ ਡਟ ਗਿਆ। ਮੁੱਛਾਂ ਠੀਕ ਕਰਕੇ ਉਹ ਉਮਰੋਂ ਪਹਿਲਾਂ ਉੱਗੇ ਧੌਲੇ ਚੁਗਣ ਲਗ ਪਿਆ। ਤੇ ਤਦ ਤਾਈਂ ਉਹਦੇ ਛੋਟੇ ਸਾਲੇ ਮੀਤੂ ਨੇ ਦਲਾਣ 'ਚ ਬੈਠੇ ਗੁਰਦਿੱਤੇ ਨੂੰ ਆ ਫ਼ਤਿਹ ਬੁਲਾਈ।
"ਸਾਸਰੀ ਕਾਲ ਮਾਸੜਾ।"

"ਸਾਸਰੀ ਕਾਲ ਬਈ ਸ਼ੇਰਾ ਸਾਸਰੀ ਕਾਲ ਹੋਰ ਥੋਡੇ ਸੁਖ ਆ।" ਕਹਿੰਦਾ ਉਹ ਨੂੰਹ ਨੂੰ ਸੀਸਾਂ ਦੇਣ ਲੱਗ ਪਿਆ ਜੇਹੜੀ ਗੁਰਦਿੱਤੇ ਦੇ ਪੈਰੀਂ ਹੱਥ ਲਾ ਕੇ ਅਗਾਂਹ ਅੰਦਰ ਵੀ ਲੰਘ ਗਈ ਸੀ ਤੇ ਗੁਰਦਿੱਤੇ ਦਾ ਲਾਊਡ ਸਪੀਕਰ ਉਵੇਂ ਈ ਚਾਲੂ ਸੀ। ਮੀਤੂ ਆਪਣੇ ਮਾਸੜ ਨਾਲ ਉਥੇ ਹੀ ਗੱਲੀਂ ਲਗ ਗਿਆ, ਪੈਲੀ ਪੱਠੇ ਬਾਰੇ, ਪਿੰਡ ਦੇ ਹਾਲ ਚਾਲ ਬਾਰੇ, ਘਰਦਿਆਂ ਬਾਰੇ, ਕੁੜਮ ਕਪੂਰੇ ਦੇ ਗੋਡੀਂ ਪੈਂਦੀ ਪੀੜ ਬਾਰੇ, ਭਰਵਾਂ ਮੀਂਹ ਨਾ ਪੈਣ ਬਾਰੇ ਪੁਛਣ ਦਸਣ ਲਗ ਪਿਆ।

"ਹੋਖਾਂ! ਸ਼ਰਮ ਤਾਂ ਨੀ ਆਉਂਦੀ। ਜੁਆਕ ਦਾ ਪਿਉ ਬਣਨ ਵਾਲਾ।" ਜੀਤੋ ਨੇ ਪੈਰੀਂ ਹੱਥ ਲਾਉਂਦਿਆਂ, ਧੌਲੇ ਚੁਗਦੇ ਬਖਤੌਰੀ ਨੂੰ ਛੇੜਿਆ।

"ਜਿਉਂਦੀ ਰਹੁ! ਵਸਦੀ ਰਹੁ; ਏਹ ਜੁਆਕ ਕੀਹਦਾ ਕਰਾ ਲਿਆਈ?" ਬਖਤੌਰੀ ਨੇ ਸਿਰ ਪਲੋਸਦੇ ਨੇ ਉਸ ਤੋਂ ਭੀ ਦੋ ਰਤੀਆਂ ਅਗਾਂਹ ਛੇੜਿਆ। ਜਿਵੇਂ ਅਗੇ ਹਮੇਸ਼ਾ ਉਹ ਗੱਲਾਂ ਵਿਚ ਉਸ ਤੋਂ ਅੱਗੇ ਰਹਿੰਦਾ ਸੀ। ਤੇ ਜੀਤੋ ਨੂੰ ਅੱਗੋਂ ਫੇਰ ਗਾਲ੍ਹਾਂ ਕਢਣ ਤੋਂ ਬਿਨਾ ਕੋਈ ਰਾਹ ਨਹੀਂ ਸੀ ਰਹਿੰਦਾ।

"ਹਾਅ ਤੇਰੇ ਔਂਤਰੇ ਦੇ, ਹਰਾਮੀਆਂ ਕੁੱਤਿਆ ਜੱਟਾ। ਤੇਰਾ ਮੂੰਹ ਕਿਉਂ ਕੁਆੜੇ ਨਾਲ ਪਾਟਿਆ ਵਾ।"

ਉਹਦੇ ਗਾਲਾਂ ਕਢਦੀ ਦੇ ਵੀ ਮੂੰਹ ਤੇ ਹਾਸਾ ਸੁੰਗੜਿਆ ਪਿਆ ਸੀ।

ਬਖਤੌਰੀ ਤੇ ਜੀਤੋ ਇਕ ਦੂਜੇ ਨੂੰ ਹੱਦੋਂ ਵੱਧ ਪਿਆਰ ਕਰਦੇ। ਇਕ ਦੂਜੇ ਤੋਂ ਕਦੇ ਕੁਝ ਨਹੀਂ ਸੀ ਲਕੋਇਆ। ਦੋਹਾਂ ਇਕ ਦੂਜੇ ਦੀ ਸੌਂਹ ਹੰਢਾਈ ਸੀ। "ਮੇਰਾ ਮਰੀ ਦਾ ਮੂੰਹ ਵੇਖੇਂ ਜੇ ਕੁਛ ਲਕੋਏਂ।" ਤੇ ਅੱਗੋਂ ਤੋਰੀ ਨੇ ਵੀ ਇਵੇਂ ਹੀ ਦੁਹਰਾਇਆ ਸੀ। ਬਖਤੌਰੀ ਦੀ ਲੂਈਂ ਫੁੱਟ ਰਹੀ ਚੌੜੀ ਛਾਤੀ ਤੇ ਪਤਲੀਆਂ ਗੁਆਰੇ ਦੀਆਂ ਫਲੀਆਂ ਵਰਗੀਆਂ ਉਂਗਲਾਂ ਫੇਰਦਿਆਂ ਜੀਤੋ ਨੇ ਆਪਣਾ ਅਗਲਾ ਪਿਛਲਾ ਸਭ ਕੁਝ ਫੋਲ ਦਿੱਤਾ ਸੀ। "ਕਿਵੇਂ ਉਹਦੀ ਭੈਣ ਚਮਿਆਰਾਂ ਦੇ ਮੁੰਡੇ ਨਾਲ ਨਿਕਲ ਗਈ ਸੀ। ਉਹਦਾ ਪਿਉ ਸ਼ਰਾਬ ਪੀ ਕੇ ਅਜੇ ਤਕ ਉਹਦੀ ਮਾਂ ਨੂੰ ਕੁਟਦਾ ਐ। ਉਹਦੇ ਨਾਨੇ ਨੇ ਉਹਦੀ ਮਾਂ ਉਹਦੇ ਪਿਉ ਕੋਲ ਸਾਢੇ ਤਿੰਨ ਸੌ 'ਚ ਵੇਚੀ ਸੀ। ਆਪਣੇ ਅਮਲੀ ਭਰਾ ਦੇ ਕਾਰਿਆਂ ਬਾਰੇ। "ਸਚ ਮੰਨੀ ਮੇਰੇ ਸਿਰ ਦੇ ਸਾਈਂ, ਤੇਰੇ ਬਿਨਾ ਮੇਰਾ ਕੋਈ ਨਈਂ ਜੀ।" ਤੇ ਉਹਦੀਆਂ ਮੋਟੀਆਂ ਕਾਲੀਆਂ ਬਲੌਰੀ ਅੱਖਾਂ ਜਿਵੇਂ ਕਿਸੇ ਜਿਲਬ ਨਾਲ ਭਰ ਗਈਆਂ ਹੋਣ। ਤੇ ਤੋਰੀ ਨੇ ਉਹਨੂੰ ਇੰਨੇ ਜ਼ੋਰ ਦੀ ਘੁਟਿਆ ਕਿ ਵਿਚਕਾਰ ਕੋਈ 'ਵਿਥ' ਨਾ ਰਹਿਣ ਦਿੱਤੀ।

ਤੇ ਨਾ ਹੀ ਤੋਰੀ ਨੇ ਕੁਝ ਛੁਪਾਇਆ ਸੀ। 'ਆਪਣੇ ਗਹਿਣੇ ਕੀਤੇ ਕਿੱਲਿਆਂ ਤੋਂ ਉਹਦੀ ਭੈਣ ਦੇ ਸਹੁਰਿਆਂ ਦਾ ਜ਼ਮੀਨ ਵਿਚੋਂ ਹਿੱਸਾ ਮੰਗਣ ਤੱਕ ਉਹਨੇ ਸਭ ਗੱਲਾਂ ਦੱਸ ਦਿੱਤੀਆਂ ਸੀ। ਤੇ ਹਿੱਕ ਥਾਪੜ ਕੇ ਵਿਸ਼ਵਾਸ਼ ਦੁਆਇਆ ਸੀ "ਕਿ ਪੰਜ ਹਾੜੀਆਂ ਸੌਣੀਆਂ ਭਰਵੀਆਂ ਲੱਗ ਗਈਆਂ ਤਾਂ ਸਭ ਠੀਕ ਕਰ ਦਊਂ।" ਨਿੰਮਾ ਨਿੰਮਾ ਮੋਹ ਤੇ ਨਿੰਮੀ ਨਿੰਮੀ ਲੜਾਈ ਉਨ੍ਹਾਂ ਵਿਚ ਹਰ ਵੇਲੇ ਤਣੀ ਰਹਿੰਦੀ। ਹਰ ਵੇਲੇ ਘੁਤਿੱਤਾ, ਹਰ ਵੇਲੇ ਇੱਲਤਾਂ, ਹਰ ਵੇਲੇ ਟਕੋਰਾਂ ਬਿਲਕੁਲ ਬੱਚਿਆ ਵਾਂਗ। ਬੱਚਿਆਂ ਵਾਂਗ ਇਕ ਦੂਜੇ ਨਾਲ ਖਹਿੰਦੇ, ਲੜਦੇ, ਤੇ ਝਟ ਘੁਲ ਮਿਲ ਜਾਂਦੇ। ਜਾਦੇ ਤੋਂ ਜਾਦੇ ਗੁੱਸਾ ਘੰਟੇ ਅੱਧ ਘੰਟੇ ਦਾ। ਉਹ ਵੀ ਇਕ ਦਿਨ ਬਹੁਤਾ ਚੜ੍ਹਿਆ ਸੀ। ਜਦ ਰਾਤ ਨੂੰ ਬਖਤੌਰੀ ਦੇ ਘੁਗੀਆਂ ਪੈਂਦੇ ਪੱਟਾ ਤੇ ਚੰਦ ਪਾਏ ਵੇਖ ਕੇ ਜੀਤੋ ਲਾਡ ਕਰ ਬੈਠੀ ਸੀ।

"ਮੈਂ ਭੀ ਚੰਦ ਪਵਾਉਂਗੀ।"

"ਜਾਹ ਭੈਣ ਦੇਣੇ ਦੀ, ਬੇਸ਼ਰਮ, ਸਾਲੀ ਲੁੱਚੀ। ਤੇਰੇ ਗਿਮੇਂ ਪੈ ਜਾਣਗੇ ?" ਅੱਗੋਂ ਜੀਤੋ ਨੇ ਦੰਦ ਕਢੇ ਤਾਂ ਉਹਨੇ ਧੌਣ 'ਚ ਦੋ ਧਰ ਦਿੱਤੀਆਂ। ਕੁਝ ਚਿਰ ਇਕ ਦੂਜੇ ਵਲ ਪਿੱਠ ਮੋੜ ਕੇ ਪਏ ਰਹੇ। ਪਰ ਫੇਰ ਪਤਾ ਨੀ ਕਦੋਂ ਤੇ ਕਿਵੇਂ ਗੱਲ ਕਿੱਧਰ ਚਲੀ ਗਈ ਸੀ। ਉਂਜ ਏਹ ਉਮਰ ਵੀ ਤਾਂ ਕੀ ਸੀ — ਅਠਾਰਾਂ ਉਨੀਂ ਵਰੇ।

ਬਖਤੌਰੀ ਮਾਂ ਪਿਉ ਦਾ ਕੱਲਾ ਕਾਰਾ ਮੁੰਡਾ ਸੀ। ਉਪਰੋ ਥਲੀ ਦੀਆਂ ਤਿੰਨ ਕੁੜੀਆਂ ਤੋਂ ਬਾਅਦ ਜੰਮਿਆ ਲਾਡਲਾ ਮੁੰਡਾ। ਬਚਣੀ ਬਿਮਾਰ ਰਹਿਣ ਕਰਕੇ, ਬਖਤੌਰੀ ਦਾ ਵਿਆਹ ਜਲਦੀ ਹੀ ਲੈ ਲਿਆ ਸੀ। ਹੁਣੇ ਲੰਘੇ ਫੱਗਣ ਦੇ ਪਹਿਲੇ ਦਿਨਾ ਵਿਚ ਵਿਆਹ ਸੀ। ਸਵਾ ਕੋਲ ਤੇ ਪੌਣੇ ਚਾਰ ਗਹਿਣੇ ਕੀਤੇ ਕਿੱਲਿਆਂ ਦਾ ਮਾਲਕ ਸੀ ਉਹਦਾ ਪਿਉ ਤੇ ਪੰਜਾਂ ਦਾ ਈ ਹੁਣ ਉਹ ਆਪ ਹੋਵੇਗਾ, ਜੇ ਉਹਦੀਆਂ ਭੈਣਾਂ ਹਿੱਸਾ ਨਾ ਵੰਡਾਣ। ਸਕੂਲੋਂ ਬਖਤੌਰੀ ਲੋਦੂਵਾਲ ਤੱਕ ਈ ਪੜ੍ਹਿਆ ਸੀ। ਜਾਣੀ ਦੋਥੀ ਵੀ ਪੂਰੀ ਨਹੀਂ ਸੀ ਲਾਈ। ਪੰਜਵੇਂ ਸੱਤਵੇਂ ਦਿਨ ਈ ਸਕੂਲੋਂ ਉਹਦਾ ਬਸਤਾ ਫੜੌਣ ਆਏ ਮੁੰਡੇ ਬਚਣੀ ਨੂੰ ਦਸ ਜਾਂਦੇ "ਅੱਜ ਅੱਧੀ ਛੁੱਟੀ ਤੋਂ ਬਾਅਦ ਉਹ ਸਕੂਲ ਨਹੀਂ ਗਿਆ।" ਕਿੰਨਾ ਚਿਰ ਤਾਂ ਉਹਨੇ ਗੱਲ ਪਤਾ ਲਗਣ ਈ ਨਾ ਦਿੱਤੀ। ਸਾਰਾ ਦਿਨ ਖੋਲਿਆਂ 'ਚ ਬੈਠੇ ਰਹਿਣਾ। ਆਥਣੇ ਸਾਰੀ ਛੁੱਟੀ ਵਾਪਸ ਔਂਦਿਆਂ ਮੁੰਡਿਆਂ ਦੀ ਢਾਣੀ ਵਿਚ ਰਲ ਜਾਣਾ। ਪਤਾ ਲੱਗਾ ਤਾਂ ਗੁਰਦਿੱਤਾ ਕਦੇ ਉਸ ਨੂੰ ਸੂਏ ਤੋਂ ਨਾਉਂਦੇ ਨੂੰ ਕੁਟਦਾ ਘਰੇ ਲਿਆਉਂਦਾ, ਤੇ ਕਦੇ ਗੰਦੇ ਛੱਪੜ ਤੋਂ। ਕਦੇ ਉਹ ਕੋਡੀਆਂ ਖੇਡਦਾ ਜੁਆਕਾਂ ਨੂੰ ਕੁੱਟ ਕੇ ਉਲਾਂਭਾ ਲਿਆਉਂਦਾ ਤੇ ਕਦੇ ਐਵੇਂ ਈ ਕਿਸੇ ਦੀਆਂ ਗਿੱਲੀਆਂ ਪਾਥੀਆਂ ਢਾਹ ਕੇ। ਸ਼ਾਮੋ ਮੋਰਨੀ ਦੀਆ ਪਾਥੀਆਂ ਨਾਲ ਤਾਂ ਉਹਨੂੰ ਖਾਸ ਈ ਵੈਰ ਸੀ। ਉਹ ਪੱਥ ਕੇ ਅਜੇ ਮੋੜ ਈ ਮੁੜਦੀ ਏਹ ਖੂੰਡੀ ਨਾਲ ਖੂੰਜੇ ਲਾ ਦਿੰਦਾ। ਗੁਰਦਿੱਤੇ ਦੀ ਕੁੱਟ ਖਾਣ ਨੂੰ ਏਨਾ ਕਾਠਾ ਸੀ ਕਿ ਅਗਲੇ ਉਲਾਂਭੇ ਵਿਚ ਦੋ ਦਿਨ ਦਾ ਫਰਕ ਨਾ ਪੈਣ ਦਿੰਦਾ। ਤੇ ਹਾਰ ਕੇ ਗੁਰਦਿਤੇ ਨੇ ਉਹਨੂੰ ਪਸੂਆਂ ਮਗਰ ਲਾ ਦਿੱਤਾ।

ਜਹਾਨ ਭਰਦੀਆਂ ਗੰਦੀਆਂ ਬੋਲੀਆਂ ਉਹਨੇ ਮਾਲ ਚਾਰਦੇ ਨੇ ਜ਼ੁਬਾਨੀ ਕੰਠ ਕਰ ਲਈਆਂ "ਆਰੀ ਆਰੀ ਆਰੀ, ਵਿਚ ਜਗਰਾਮਾਂ ਦੇ ਜਿੱਥੇ ਲਗਦੀ ਰੋਸ਼ਨੀ ਭਾਰੀ। ਵੈਲੀਆਂ ਦਾ ਕੱਠ ਬੱਝ ਗਿਆ ਫੇਰ ਬੋਤਲਾਂ ਮੰਗਾ ਲੀਆਂ ਦਾਰੂ। ਚਾਲੀਆਂ 'ਚੋਂ ਇਕ ਬਚਗੀ ਜੇਹੜੀ ਚਾਕੇ ਮਹਿਲ ਨਾਲ ਮਾਰੀ — ਬਚਣਾ ਫਰੀਦ ਕੋਟੀਆ ਜੀਹਨੇ ਪੁਲਸ ਕੁੱਟੀ ਸੀ ਸਾਰੀ।" ਕੰਨ ਤੇ ਹੱਥ ਧਰ ਕੇ ਹੇਕ 'ਚ ਗਾਉਂਦੇ ਦਾ ਉਹਦਾ ਜੀਅ ਕਰਦਾ ਉਹ ਵੀ ਬਚਣੇ ਵਾਂਗੂ ਵੱਡਾ ਹੋਇਆ ਦਿਨਾਮੀ ਵੈਲੀ ਬਣੇ ਤੇ ਉਹਦੇ ਵਾਂਗ ਈ ਭਰੇ ਮੇਲੇ ਵਿਚ ਪੁਲਸ ਨੂੰ ਕੁੱਟੇ। ਫਸਲਾਂ ਉਜਾੜਨ ਦੇ, ਲੋਕਾਂ ਦੀਆਂ ਪੈਲੀਆਂ 'ਚ ਪਸੂ ਛੱਡਣ ਤੇ ਸ਼ਰਾਬ ਦੀਆਂ ਭੱਠੀਆਂ ਲਾਉਣ ਵਾਲਿਆਂ ਨਾਲ ਬੈਠਣ ਦੇ ਉਹਦੇ ਉਲਾਂਭੇ ਪਹਿਲਾਂ ਨਾਲੋਂ ਕਿਤੇ ਵਧ ਗਏ ਸੀ।

"ਹਾਕਾਂ ਮਾਰਦੇ ਬੱਕਰੀਆਂ ਵਾਲੇ, ਨੀ ਦੁੱਧ ਪੀ ਕੇ ਜਾਈਂ ਜੈ ਕੁਰੇ।" ਉਹਨੇ ਰਾਹ ਜਾਂਦੀ ਜੈ ਕੁਰ ਰੰਡੀ, ਨੂੰ ਸੁਭਾਇਕੀ ਕਿਹਾ ਗਿਆ ਸੀ ਜਾਂ ਜਾਣ ਬੁਝ ਕੇ ਫੋਲੀ ਪਾਈ ਸੀ। ਤੇ ਅੱਗੋਂ ਜੈਕੁਰ ਏਡੀ ਹਾਪੱਤੀ ਜੇਹੜੀ ਰਹੇ ਰੱਬ ਦਾ ਨਾਂ। ਅੱਧਾ ਘੰਟਾ ਜੇਹੜਾ ਉਹਨੇ ਜਿੜ੍ਹੀ ਸਿਆਪਾ ਕੀਤਾ। ਗਾਲ੍ਹਾਂ ਨਾਲ ਗੁਰਦਿੱਤੇ ਦੀ ਮਾਂ ਭੈਣ ਨੇਲ


**SHAKTI GIFT**

**6576 MAIN STREET, VANCOUVER, B.C.**

**321-2912**

**Where you can get all types of Real and Artificial Jewellery and all types of oriental designs can be made!**

**SALE AND REPAIRS OF WATCHES**

FILM INFORMATION

**AJANTA FILMS**
**596-2839/596-7461**

**CROWN FILMS**
**291-1197/255-2920**

**EVERGREEN FILMS**
**255-0141/255-6729**

**JANKAR FILMS**
**325-1917/266-7191**

ਮੁਫ਼ਤ ਫ਼ਿਲਮ

ਇਕ ਨਵੀਂ ਸਕੂਲੇਸ਼ਨ ਯੋਜਨਾ ਅਧੀਨ 'ਵਤਨੋਂ ਦੂਰ' ਦੇ ਨਵੇਂ ਚੰਦਾ ਵਾਲੇ ਸਾਲਾਨਾ ਪਾਠਕ ਮੈਟਰੋ ਥੀਏਟਰ ਵਿਚ ਮੁਫ਼ਤ ਫ਼ਿਲਮ ਵੇਖ ਸਕਦੇ ਹਨ। ਵਧੇਰੇ ਜਾਣਕਾਰੀ ਲਈ:

ਦਲਜੀਤ ਤੂਰ
(ਐਡਵਰਟਾਈਜ਼ਿੰਗ ਮੈਨੇ:)
438-5660
435-6111

'ਵਤਨੋਂ ਦੂਰ' ਦੇ ਸਾਲਾਨਾ ਚੰਦੇ ਦੀ ਜਾਣਕਾਰੀ ਲਈ ਇਸ ਅੰਕ ਦਾ ਸਫ਼ਾ 6 ਵੇਖਿਆ ਜਾ ਸਕਦਾ ਹੈ।


ਸੁਟੀ। ਸੱਥ ਦੇ ਸਾਰੇ ਬੰਦੇ ਗੁਰਦਿੱਤੇ ਦੇ ਘਰ ਅੱਗੇ ਆ ਕੱਠੇ ਹੋਏ। ਘਰਾਂ ਚੋਂ ਵੀਹੀ ਦੀਆਂ ਤੀਵੀਆਂ ਬਾਹਰ ਨਿਕਲ ਧੁਹਿਆਂ 'ਚ ਆ ਖਲੋ ਗਈਆਂ। ਪਰ ਜੈ ਕੁਰ ਅਗੋਂ ਠੰਡੀ ਹੋਣ 'ਚ ਈ ਨਾ ਆਵੇ। ਤੇ ਨਾਲ ਈ ਵਲ ਲਿਆਈ ਤੋਰੀ ਦੀ ਹੋਣੀ। ਤੇ ਫਿਰ ਗੁਰਦਿੱਤੇ ਦੀਆਂ ਗੁਰਦਿੱਤਾ ਜਾਣੇ। ਬਖਤੌਰੀ ਦੀ ਮਾਂ ਜ਼ੋਰ ਲਾ ਹਟੀ ਉਹ ਨਾ ਟਲਿਆ। ਜੈ ਕੁਰ ਮਿੰਨਤਾਂ ਕਰ ਹਟੀ ਉਹ ਨਾ ਟਲਿਆ। ਸਗੋਂ ਛੁਡਾਉਣ ਵਾਲਿਆਂ ਨੂੰ ਈ ਗਾਲ੍ਹਾਂ ਕੱਢੀਆਂ। ਅੰਦਰੋਂ ਕੁੰਡਾ ਮਾਰ ਲਿਆ। ਤੂਤ ਦੀ ਸੋਟੀ ਉਹਨੇ ਬਖਤੌਰੀ ਦੀ ਢੂਹੀ ਤੇ ਹੀ ਤੋੜੀ। ਬੇਦਲਿਆ ਬਖਤੌਰੀ ਮੰਜੇ ਤੇ ਮੂਧਾ ਜਾ ਡਿੱਗਿਆ। ਸ਼ਿੰਦੂ ਜੋਤ ਤੇ ਮਿੱਤੂ ਤਿੰਨੇ ਸਾਧੂ ਕੀ ਪੌੜੀ ਚੜ੍ਹ ਕੇ ਉਪਰੋਂ ਦੀ ਗਏ ਤਾਂ ਮਸਾਂ ਗੁਰਦਿੱਤੇ ਨੂੰ ਕਾਬੂ ਕੀਤਾ। ਦਸ ਦਿਨ ਉਹਦੀਆਂ ਲਾਸਾਂ ਨੂੰ ਬਚਨੀ ਸੇਕ ਦਿੰਦੀ ਰਹੀ।

ਤੇ ਚੌਦਵੇਂ ਵਰੇ ਵਿਚ ਹੀ ਉਹਨੂੰ ਹੱਲ ਦੀ ਹੱਥੀਲੀ ਫੜਾ ਦਿੱਤੀ। ਹੱਲ ਦੇ ਮੁੰਨੇ ਹੇਠ ਉਹ ਏਡਾ ਸੂਤ ਆਇਆ ਕਿ ਸਾਰੀਆਂ ਵਿੱਲਤਾਂ ਗੁਆ ਬੈਠਾ। ਏਨਾ ਚੰਗਾ ਹਾਲੀ ਨਿਕਲਿਆ ਕਿ ਪੰਦਰਵੇਂ ਵਰ੍ਹੇ ਵਿਚ ਈ ਸਿੱਧੀ ਸਲੋਟ ਰਹਿਲ ਵਗਲਣ ਲਗ ਪਿਆ।

ਇਕ ਵਾਰ ਵੀ ਬਲਦ ਦੇ ਫਾਲਾ ਨਹੀਂ ਲੱਗਣ ਦਿੱਤਾ। ਕਾਨ ਦਾ ਹਲ, ਉਲਟਾਵਾਂ ਹਲ, ਕੱਢੂ ਹਲ ਸਭ ਉਨ੍ਹੇ ਦਿਨਾਂ ਵਿਚ ਈ ਸਿਖ ਲਏ। ਲਾਣ ਦਾ ਗੱਡਾ ਲੱਦਦਾ ਮਜਾਲ ਦੀ ਕੋਈ ਤੀਲਾ ਵੀ ਬਾਹਰ ਨਿਕਲਣ ਦਿੰਦਾ। ਚਰੀਆਂ ਗੁਆਰੇ, ਮੱਕੀ, ਕਣਕ ਸਭ ਵਧੀਆ ਪੋਰਦਾ ਸਰੋਂ ਤੇ ਤੋਰੀਏ ਦੀਆਂ ਓਲੀਆਂ ? ਭਾਵੇਂ ਕੱਲਾ-ਕੱਲਾ ਦਾਣਾ ਗਿਣ ਲਉ। ਜਿਸ ਦਿਨ ਤੋਂ ਉਹਨੇ ਹਲ ਫੜਿਆ ਗੁਰਦਿੱਤਾ ਉਪਰਲੇ ਕੰਮ ਤੇ ਹੋ ਗਿਆ। ਉਹ ਸਵੇਰਾਂ ਹੀ ਪੱਠੇ ਤੱਠੇ ਦਾ ਕੰਮ ਨਬੇੜ, ਕੇ ਪਸ਼ੂ ਵਾੜੇ ਨੂੰ ਸਾਂਭ ਲੈਂਦਾ। ਤੇ ਆਥਣੇ ਡੱਬੀਆਂ ਵਾਲੇ ਖੱਦਰ ਦੇ ਧੋਤੇ ਲੀੜੇ ਪਾ ਕੇ ਸੱਥ 'ਚ ਗਰਨੂੰ ਕੱਢਣ ਜਾ ਬਹਿੰਦਾ। ਜਾਂ ਖੇਤ ਰਿਆ ਪਸੂਆਂ ਦੇ ਡਰ ਤੋਂ ਜਾ ਬੈਠਦਾ। ਖੇਤ ਉਹਨੇ ਛੋਟਾ ਜਿਹਾ ਕੱਚਾ ਕੋਠੜਾ ਛੱਤਿਆ ਸੀ। ਕਦੇ ਕਦੇ ਖਾਲ ਦੀ ਵੱਟ ਤੇ ਖੜ ਕੇ ਉਹ ਐਵੇਂ ਹੀ ਗਹਿਣੇ ਕੀਤੇ ਕਿੱਲਿਆਂ ਵੱਲ ਵੇਖਣ ਲਗ ਜਾਂਦਾ। ਬਿਆਈਆਂ ਪਾਟੀਆਂ ਖੁਰਦਰੀਆਂ ਉਂਗਲਾਂ ਤੇ ਗਿਣ ਕੇ ਹਿਸਾਬ ਲਾਂਦਾ 'ਜੇ ਸੱਤ ਅੱਠ ਭਰਵੀਆਂ ਹਾੜੀਆਂ ਸੌਣੀਆਂ ਲਗ ਗਈਆਂ ਤਾਂ ਉਹ ਮੁੜ ਪੰਜਾਂ ਕਿੱਲਿਆਂ ਦਾ ਮਾਲਕ ਹੋਵੇਗਾ। ਜੇਹੜੇ ਉਹਦਾ ਪਿਉ ਉਹਨੂੰ ਤੀਜੇ ਹਿੱਸੇ 'ਚ ਦੇ ਕੇ ਗਿਆ ਸੀ। ਜੇਹੜੇ ਉਹਦੀਆਂ ਧੀਆਂ ਦੇ ਵਿਆਹਾਂ 'ਚ ਖੁਰ ਗਏ ਸੀ। ਜੇਹੜੇ ਲਗਾਤਾਰ ਘੋੜਾ ਤੇ ਬਲਦ ਮਰਨ ਤੇ ਭੁਰ ਗਏ ਸੀ। ਜੇਹੜੇ ਨਾਨਕ ਛੱਕਾਂ ਪੂਰਨ ਤੇ, ਪਿਉ ਦੇ ਹੰਗਾਮੇ ਤੇ, ਬਚਨੀ ਦੇ ਦਰ ਤੇ ਪੁਜੇ ਗਏ ਸੀ। ਉਂਜ ਨਾ ਉਹਨੇ ਸ਼ਰਾਬ ਪੀਤੀ ਸੀ ਤੇ ਨਾ ਕੋਈ ਹੋਰ ਅਮਲ ਲਾਇਆਂ ਸੀ। ਪਰ ਬਖੌਤਰੀ ਤੇ ਡੌਲੇ ਉਹਦੀਆਂ ਅੱਖਾਂ 'ਚ ਹਰੇਵਾਈ ਭਰ ਦਿੰਦੇ। ਤੇ ਉਹਦੀ ਨਿਗਾਹ ਆਪਣੇ ਹੱਥੀਂ ਲਾਏ ਤੂਤ ਤੇ ਜਾ ਕੇ ਟਿਕ ਜਾਂਦੀ ਜੇਹੜਾ ਗਹਿਣੇ ਕੀਤੇ ਕਿੱਲੇ ਦੇ ਖੂੰਜੇ ਤੇ ਲੱਗਾ ਸੀ। ਜੀਹਦੀਆਂ ਛਿੱਟੀਆਂ ਦੇ ਟੋਕਰੇ ਉਹਨੇ ਨਹੀਂ ਸਗੋਂ ਕਰਤਾਰੇ 'ਖੁੰਗੜ ਨੇ ਬਣਾਏ ਸੀ। ਤੇ ਬਖਤੌਰੀ ਨੇ ਤੂਤ ਆਪਣੇ ਇਸ ਕਿੱਲੇ ਦੀ ਨੁੱਕਰ ਤੇ ਲਾਇਆ ਸੀ। ਏਸ ਕਿੱਲੇ ਨਾਲ ਉਹਨੂੰ ਮੋਹ ਸੀ। ਟਿਊਬ ਵੈਲ ਦੇ ਮੁੱਢ ਦਾ ਕਿੱਲਾ, ਜਿਥੇ ਉਹ ਚਾਹੇ ਤਾਂ ਇਕੋ ਨੱਕੇ ਪਾਣੀ ਲਾ ਸਕਦਾ ਸੀ। ਜਿਥੇ ਹਲ ਜੋੜਦਿਆਂ ਹੀ ਉਹ ਆਪਣੇ ਆਪ ਨੂੰ ਜੱਟ ਸਮਝਦਾ ਅੱਧ ਭੋਲੀ ਦੇ ਕਿੱਲਿਆਂ 'ਚ ਜਾਨ ਤੋੜਵੀਂ ਮੇਹਨਤ ਉਹ ਕਰਦਾ ਵੀ ਪਰ ਵੰਡਾਈ ਵੇਲੇ ਦਾਣੇ ਦਿੰਦਿਆਂ ਉਹਦਾ ਦਿਲ ਘਿਰਦਾ। ਉਹਦੇ ਹਲ ਜੋੜੇ ਤੇ ਪੈਨਸ਼ਨੀਏ ਦਾ ਪਾਲੀ ਮਜ਼ਬੀ ਮੁੰਡਾ ਉਹਦੇ ਗੱਡੇ ਤੇ ਪੱਠੇ ਸਿਟ ਜਾਂਦਾ। ਤੇ ਜਾਂਦਾ ਹੋਇਆ ਹੁਕਮ ਸੁਣਾ ਜਾਂਦਾ "ਬਾਬਾ ਜੀ ਨੇ ਕਿਹਾ ਸੀ ਗੱਡਾ ਉਧਰ ਦੀ ਲੰਘਾ ਲਜਾਣ, ਮੈਂ ਪਸ਼ੂ ਛਡਣੇ ਨੇ।" ਉਹ ਚੁੱਪ ਰਹਿੰਦਾ। ਤੇ ਗੱਡਾ ਪੈਨਸ਼ਨੀਏ ਦੇ ਘਰ ਵਲੀਂ ਦੀ ਲੰਘਾ ਲਿਜਾਂਦਾ ਤੇ ਪੱਠਿਆਂ ਦੀਆਂ ਡੇਢ ਡੇਢ ਮਣੀਆਂ ਭਰੀਆਂ ਉਹ ਮੋਢਿਆਂ ਤੇ ਉਲਾਰ ਕੇ ਕੱਲਾ ਹੀ ਲਾਹੁੰਦਾ। ਤੇ ਹਰ ਵਾਰ ਏਹੋ ਹੀ ਸੋਚਦਾ, "ਅੱਠ ਸੱਤ ਭਰਵੀਅ ਹਾੜੀਆਂ ਸੌਣੀਆਂ ਲਗ ਜਾਣ ਤੇ ਏਹਦਾ ਤਾ ਪਤੀਟਿਉਰੇ ਦਾ ਫਾਹਾ ਵੱਢਾਂ। ਕਦੇ ਭੈਣ ਦੇ ਮਾਮੇ ਨੇ ਭਰੀਆਂ ਲਾਹੁੰਦੇ ਨੂੰ ਪਾਣੀ ਨੀ ਪੁਛਿਆ। ਅਖਵਾਰ ਪੜਦਾ ਕੰਜਰ ਟੁੱਟੀ ਜੀ ਐਨਕ 'ਚ ਦੀ ਨਿਉਲੇ ਵਾਂਗ ਦੇਖਦਾ ਰਹਿੰਦਾ ਟਿਉਂ ਨੀ ਜੁਆਈ ਨੂੰ ਹੱਥ ਪਵਾਂਦਿਆਂ ? ਆਪਣੇ ਪੰਜ ਕਿੱਲੇ ਮੈਨੂੰ ਮੁਕਦੇ ਸੀ ? ਮੈਂ ਤਾਂ ਧਾਰ ਨੀ ਮਾਰਦਾ ਏਹਦੇ ਕਿੱਲਿਆਂ ਤੇ।" ਉਹ ਘਰ ਆ ਕੇ ਜੀਤੋ ਨੂੰ ਜਦ ਦੱਸਦਾ ਉਹਦਾ ਅਜੀਬ ਜਹੀਆਂ ਗਾਲ੍ਹਾਂ ਸੁਣ ਸੁਣ ਹਾਸਾ ਰੋਕਣਾ ਔਖਾ ਹੋ ਜਾਂਦਾ ਤੇ ਓੜਕ ਸੜਿਆ ਬਲਿਆ ਤੋਰੀ ਵੀ ਹੱਸ ਪੈਂਦਾ।

ਉਹਨੇ ਅਜੇ ਚੌਥੀ ਰਹਿਲ ਹੀ ਵਗਲੀ ਸੀ ਕਿ ਚੜਦੇ ਸੂਰਜ ਨਾਲ ਛੋਟੀ ਜਹੀ ਬਦਲੀ ਘੱਤਿਆਂ ਕਣੀਆਂ ਪਾ ਗਈ। ਉਹ ਤੂਤ ਥੱਲੇ ਹੋ ਗਿਆ। ਪਿੰਡ ਵਲ ਨਿਗਾਹ ਮਾਰੀ ਜੀਤੋ ਕਿਤੇ ਨਾ ਆਉਂਦੀ ਦਿਸੀ। ਉਹਦੇ ਅੰਦਰ 'ਭੁਖ' ਨਾਲ ਖੋਹ ਜਹੀ ਪੈ ਰਹੀ ਸੀ। ਖਾਲੀ ਅੰਦਰ ਜਿਵੇਂ ਤਪਿਆ ਪਿਆ ਹੋਵੇ। ਉਹਨੇ ਪੱਟਾਂ ਤੇ ਹੱਥ ਫੇਰਿਆ ਉਨਾ 'ਚੋਂ ਅੱਗ ਨਿਕਲ ਰਹੀ ਸੀ। 'ਕੁੱਤੀ ਤੀਵੀਂ' ਕਹਿ ਕੇ ਉਹ ਆਪ ਹੀ ਹੱਸ ਪਿਆ। ਜੀਤੋ ਕਿੰਨੀ ਭੀ ਰੁੱਸੀ ਹੁੰਦੀ ਜਦ ਹੀ ਉਹ "ਕੁੱਤੀ ਤੀਵੀਂ" ਕਹਿੰਦਾ ਉਹ ਤਿੜ ਤਿੜ ਕਰਕੇ ਹੱਸ ਪੈਂਦੀ। ਸੱਚ ਤਾਂ ਇਹ ਸੀ ਉਹ ਤੋਰੀ ਦੀ ਇਸ ਗਾਲ੍ਹ ਨੂੰ ਤਰਸਦੀ ਰਹਿੰਦੀ। ਤੇ ਰਤਾ ਹਾਸਾ ਰੋਕ ਕੇ ਝੂਠੀ ਮੂਠੀ ਦਾ ਗੁੱਸਾ ਲਿਆ ਕੇ ਉਹ ਅਗੋਂ ਕਹਿੰਦੀ "ਤੂੰ ਆਪਣੇ ਪਿਊ ਦਾ ਈ ਐਂ ਨਾ ?" ਤੇ ਫੇਰ ਛੇੜ ਕੇ ਭੱਜਦੀ, ਮੂਹਰੇ ਜੀਤੋ ਮਗਰ ਤੋਰੀ।

ਖਲੀਂ ਖੂੰਜੀਂ ਲੁਕਦੀ ਤੇ ਨਾਲ ਈ ਈ ਬਚਣੀ ਨੂੰ "ਮਾਂ ਮਾਰਤੀ, ਮਾਂ ਮਾਰਤੀ" ਕੂਕਦੀ —

"ਖੜ੍ਹੋ ਤੇਰੀ ਮਾਂ ਨੂੰ... ..।" ਬਖਤੌਰੀ ਨਾਲੇ ਹੱਸਦਾ ਨਾਲੇ ਗਾਲ੍ਹਾਂ ਕਢਦਾ ਖਲਾਂ 'ਚੋਂ ਲੁਕੀ ਨੂੰ ਜਾ ਕੱਢਦਾ। ਤੇ ਫਿਰ ਇਕ ਥੋਰੀ ਜਹੀ ਤਕਣੀ ਨਾਲ "ਦੇਖ ਮਾਂ ਦੀ ਗਾਲ੍ਹ ਨਾ ਦਿਆ ਕਰ।" ਕਹਿੰਦੀ ਉਹ ਉਹਦੀ ਬਾਹਾਂ ਵਿਚ ਵਲੀ ਜਾਂਦੀ। ਇਹ ਲਾਡ ਦੇਖ ਕੇ ਬਚਣੀ ਬੜਾ ਖੁਸ਼ ਹੁੰਦੀ ਤੇ ਬਾਹਰੋਂ ਹੀ ਖੰਘ ਰੋਕਦੀ ਬੋਲਦੀ "ਵੇ ਮੁੰਡਿਆ ਖ਼ਬਰਦਾਰ ਜੇ ਮੇਰੀ ਧੀ ਨੂੰ ਕੁਛ ਕਿਹਾ।"

"ਉਏ ਕੌਣ ਤੇਰੀ ਧੀ ਦੀ 'ਵੰਗਾਂ ਭੰਨਦਾ'। ਆ ਗੀ ਵੱਡੀ ਧੀ ਵਾਲੀ, ਏਹਨੂੰ ਕਹਿ, ਨਾ ਪੰਗੇ ਲਵੇ।"

"ਤੋੜੀ" ਜਿਉਂ ਹੀ ਉਹ ਗੁੱਟ ਛੱਡਦਾ ਜੀਤੋ ਮਲਕ ਦੇਣੇ ਕਹਿ ਦਿੰਦੀ।

"ਦੇਖ ਫਿਰ......ਹੈ ਹੱਟਦੀ ?" ਤੇਰੀ ਇਕ ਵਾਰ ਦਸ ਤਾਂ ਬੈਠਾ ਕਿ ਨਿੱਕੇ ਹੁੰਦਿਆਂ ਜੁਆਕਾਂ ਨੇ ਉਹਨੂੰ 'ਸਾਗ ਵਾਲੀ ਤੋੜੀ' ਕਹਿ ਕੇ ਚੇੜ੍ਹ ਪਾਈ ਸੀ ਪਰ ਉਹਨੂੰ ਏਹ ਨਹੀਂ ਪਤਾ ਕਿ ਵੱਡੇ ਹੋਂਦਿਆਂ ਜੁਆਕ ਤਾਂ ਹਟ ਜਾਣਗੇ ਪਰ ਏਸ ਬਾਂਦਰੀ ਨੇ ਸਾਰੀ ਉਮਰ ਪਿੱਛਾ ਨਹੀਂ ਛਡਣਾ।' ਜੀਤੋ ਦੀਆਂ ਗੱਲਾਂ ਯਾਦ ਕਰਕੇ ਉਹਨੂੰ ਲਗਿਆ ਜਿਵੇਂ ਉਹਦੇ ਅੰਗਾਂ ਵਿਚ ਕੋਈ ਅਕੜਾ ਜਿਹਾ ਆ ਗਿਆ ਹੋਵੇ। ਅੱਖਾਂ ਵਿਚ ਜਿਵੇਂ ਕਿਸੇ ਨੇ ਮਹਿੰਦੀ ਚੋ ਦਿੱਤੀ ਹੋਵੇ। ਰਾਤ ਉਹਨੇ ਚਾਹਿਆ ਸੀ ਆਪਣੇ ਸਾਲੇ ਦਾ ਘਰ ਦੀ ਕੱਢੀ ਪਹਿਲੇ ਤੋੜ ਦੀ ਦੇਸੀ ਸ਼ਰਾਬ ਨਾਲ "ਸੰਗਲ ਡੌਨ" ਕਰ ਦੇਵੇ ਪਰ ਜੀਤੋ ਦਾ ਪਿਆਉਣ ਤੋਂ ਪਹਿਲਾਂ ਈ ਇਹ ਕਹਿਣਾ "ਦੇਖ ਲਾ ਜੇ ਜੁਆਕ ਨੂੰ ਬਹੁਤੀ ਪਿਆਈ ਤਾਂ। ਵੱਡਾ ਚਲਾਕ ਬਣੇ ਭਲਾ। ਇਕ ਰਾਤ ਨਾਲ ਮਰ ਤਾਂ ਨੀ ਚਲਿਆ ਭਲਾ।"

"ਓ ਨਈਂ, ਐਮੇ ਭੌਂਕੀ ਜਾਨੀ ਐਂ।" ਅੱਗੋਂ ਤੋਰੀ ਨੇ ਕਿਹਾ ਸੀ ਪਰ ਉਹ ਆਦਤ ਤੋਂ ਟਲਿਆ ਨੀ ਸੀ। ਉਹਨੇ ਪੂਰੀ ਕੋਸ਼ਿਸ਼ ਕੀਤੀ। ਪਰ ਥੋੜੇ ਜਹੇ ਚਿਰ ਪਿਛੋਂ ਗੁਆਂਢ ਲੱਗੇ ਸ਼ਾਮੇ 'ਖਰੂਦੀ' ਦੇ ਖਰੂਦ ਪਾਉਣੇ ਉਹਦੇ ਮਨਸੂਬੇ ਵਿਚੇ ਰਹਿ ਗਏ। ਉਹ ਪੰਜੀ ਚਾਰੀਂ ਦਿਨੀਂ ਈ ਸ਼ਰਾਬ ਪੀ ਕੇ ਆਪਣੀ ਤੀਵੀਂ ਹਰਨਾਮੀ ਨੂੰ ਕੁਟਦਾ। ਉਂਜ ਕਟਦਾ ਘਟ ਤੇ ਹਾਤ ਹੂਤ ਬਹੁਤੀ ਕਰਦਾ ਕਰਕੇ ਹੀ ਉਹਨੂੰ ਖਰੂਦੀ ਕਹਿੰਦੇ ਨੇ। ਕੁੱਟਣ ਦੇ ਸ਼ੌਰ ਸ਼ਰਾਬੇ ਕਰਕੇ ਉਹਨਾਂ ਨੂੰ ਰੋਟੀ ਭੀ ਛੇਤੀ ਹੀ ਖਾਣੀ ਪਈ।

ਰਾਤ ਨੂੰ ਜੀਤੋ ਨੇ ਆਪਣੇ ਦੋਹਾਂ ਦੇ ਮੰਜਿਆਂ ਵਿਚਕਾਰ ਮੀਤੂ ਦਾ ਮੰਜਾ ਡਾਹ ਦਿੱਤਾ ਸੀ। ਕਾਫੀ ਰਾਤ ਗਏ ਤਕ ਉਹ ਉਸਲ ਵੱਟੇ ਲੈਂਦਾ ਰਿਹਾ ਪਰ ਗੱਲ ਨਾ ਬਣੀ ਤੇ ਫਿਰ ਅੱਧੀ ਰਾਤ ਈ ਉਹਨੇ ਜੀਤੋ ਨੂੰ ਉਠਾ ਲਿਆ।

"ਚੱਲ ਘੁਟ ਚਾਹ ਬਣਾ। ਛੇਤੀ ਹੱਲ ਜੋੜਨਾ।" ਜੀਤੋ ਦੇ ਨਾਲ ਹੀ ਉਹ ਬਾਹਰਲੇ ਘਰ ਪਸ਼ੂਆਂ ਵਾਲੇ ਧਾਰ ਕਢਾਉਣ ਚਲਿਆ ਗਿਆ। ਉਥੇ ਫੇਰ ਜਿਉਂ ਹੀ ਉਹਨੇ ਜੀਤੋ ਦੀ ਬਾਂਹ ਫੜੀ, ਗੁਰਦਿੱਤਾ 'ਵਾਖਰੂ' ਕਹਿੰਦਾ ਉਠ ਬੈਠਾ।

'ਅੱਜ "ਟ੍ਰਬਲ' ਮੁਝ ਦੇ ਖੱਤੇ 'ਚ ਹੱਲ ਜੋੜਨਾ ਬਖਤੌਰ ?" ਗੁਰਦਿੱਤੇ ਨੇ ਦਿਲ ਦੇ ਸਾਰੇ ਹੀ ਮੋਹ ਨਾਲ ਕਿਹਾ ਪਰ ਤੋਰੀ ਨੂੰ ਅੰਤਾਂ ਦਾ ਗੁੱਸਾ ਆਇਆ।

"ਹਾਹੋ" ਤੋਰੀ ਦੀ ਆਵਾਜ਼ ਗੁੱਸੇ 'ਚ ਪਾਟੇ ਬਾਂਸ ਵਾਂਗ ਖਰੜਾਈ। ਉਹਨੇ ਕੋਲੋਂ ਫਾਉੜਾ ਚਾ ਕੇ ਚੱਡਿਆਂ 'ਚ ਮੂੰਹ ਦੇਈ ਪਏ ਕੁੱਤੇ ਦੇ ਚੂਕਣੇ ਤੇ ਮਾਰਿਆ। ਉਹ ਟਊਂ ਟਊਂ ਕਰਦਾ ਗੁਰਦਿੱਤੇ ਦੇ ਮੰਜੇ ਵਲ ਭਜ ਤੁਰਿਆ। "ਸਾਲਾ ਆ ਕੇ ਪਸ਼ੂਆਂ ਦੇ ਵਿਚ ਪੈਂਦਾ।" ਜੀਤੋ ਦਾ ਬੇ ਅਖਤਿਆਰ ਹਾਸਾ ਸਾਰੇ ਵਿਹੜੇ ਵਿਚ ਛਣਕ ਗਿਆ। "ਈਕੂ" ਕਹਿੰਦੀ ਉਹ ਮੱਝ ਨੂੰ ਥਾਪੀ ਮਾਰ ਕੇ ਧਾਰ ਚੋਵਣ ਬੈਠ ਗਈ। ਘਰੇ ਆਉਣ ਤੋਂ ਪਹਿਲਾਂ ਹੀ ਬਚਣੀ ਖੰਘ ਰਹੀ ਸੀ।

"ਲਾ ਹੁਣ ਆਹ ਉਠੀ ਬੈਠੀ ਐ।" ਤੋਰੀ ਦੇ ਕਹਿਣ ਤੋਂ ਪਹਿਲਾਂ ਈ ਜੀਤੋ ਦਾ ਹਾਸਾ ਫੇਰ ਨਿਕਲ ਗਿਆ।

"ਤੈਥੋਂ ਸੌਂ ਨੀ ਹੁੰਦਾ ਫੇਰ ਸਾਰਾ ਦਿਨ ਖਹੂੰ ਖਹੂੰ ਕਰਦੀ ਰਹੇਂਗੀ।"

"ਵੇ ਮੈਂ ਕਿਹਾ ਜੀਤੋ ਨੇ ਚਾਹ ਬਣਾਉਣੀ ਐ, ਘੁਟ ਮੈਂ ਭੀ ਪੀ ਲੂੰ। ਅੱਜ ਜਾਣੀ ਛਾਤੀ ਤੇ ਬਲਗਮ ਜੀ ਜੰਮੀ ਪਈ ਐ।"

ਕੁਝ ਵੀ ਨਾ ਬਣਦਾ ਵੇਖ ਕੇ ਉਹਨੇ ਜੀਤੋ ਦਾ ਈ ਤਰਲਾ ਕੀਤਾ। "ਅੱਜ ਰੋਟੀ ਲੈ ਕੇ ਤੂੰ ਆਈਂ ਐਂਵੇਂ ਨਾ ਬੁੜਾ ਤੁਰਪੇ ਡੂੰਡ ਜਿਹਾ ਮਾਰਦਾ।......

"ਕਿਉਂ, ਮੇਰੀ ਲਿਆਂਦੀ ਬਹੁਤੀ ਸੁਆਦ ਲੱਗੂ ?" ਜੀਤੋ ਨੇ ਐਵੇਂ ਈ ਮਚਲਦਿਆਂ ਕਿਹਾ।

"ਆਹੋ।"

ਹੱਲ ਲਈ ਵਿਰਦੇ ਦੇ ਸਾਰਾ ਚਿਰ ਜੀਤੋ ਉਹਦੇ ਖਿਆਲ 'ਚੋਂ ਨਹੀਂ ਸੀ ਨਿਕਲੀ। ਉਹਦੀ ਦੂਰ ਪਹੀ ਮੁੜਦੀ ਜੀਤੋ ਤੇ ਨਿਗਾਹ ਗਈ। ਉਹਨੂੰ ਇਕ ਖੁਸ਼ੀ ਜਿਹੀ ਚੜ੍ਹ ਗਈ। ਸਾਰੇ ਖੇਤ ਤੇ ਜਿਵੇਂ ਉਹਨੇ ਚਾਅ ਜਿਹਾ ਛਿੜਕ ਦਿੱਤਾ ਸੀ। ਸਾਵੇ ਬਦਲਦੇ ਉਹਨੇ 'ਚੱਕੀ' ਪਤਾਣੀ ਲਾਈ।

---

ਪੰਜਾਬੀ ਅੰਕ

"CONTEMPORARY LITERATURE IN TRANSLATION" ਮਿਸ਼ਨ, ਬੀ.ਸੀ., ਤੋਂ ਛਪਣ ਵਾਲਾ ਕੈਨੇਡਾ ਦਾ ਪ੍ਰਸਿੱਧ ਅੰਗ੍ਰੇਜ਼ੀ ਮੈਗਜ਼ੀਨ ਹੈ ਜਿਸ ਵਿੱਚ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਦਾ ਸਾਹਿੱਤ ਅੰਗ੍ਰੇਜ਼ੀ ਅਨੁਵਾਦ ਰਾਹੀਂ ਪੇਸ਼ ਕੀਤਾ ਜਾਂਦਾ ਹੈ।

ਪੰਜਾਬੀ ਸਾਹਿੱਤ-ਰਸੀਆਂ ਨੂੰ ਇਹ ਜਾਣਕੇ ਖ਼ੁਸ਼ੀ ਹੋਵੇਗੀ ਕਿ ਮੈਗਜ਼ੀਨ ਦੇ ਐਡੀਟੋਰੀਅਲ ਬੋਰਡ ਨੇ 1977 ਦੇ ਆਰੰਭ ਵਿੱਚ 'ਪੰਜਾਬੀ ਅੰਕ' ਕੱਢਣ ਦਾ ਫੈਸਲਾ ਕੀਤਾ ਹੈ ਜਿਸ ਵਿੱਚ ਭਾਰਤ ਤੇ ਵਿਦੇਸ਼ 'ਚ ਰਹਿੰਦੇ ਹੋਣਦੇ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਸ਼ਾਮਲ ਹੋਣਗੀਆਂ

ਇਸ ਅੰਕ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਜਾਂ ਅੰਕ ਦੀਆਂ ਕਾਪੀਆਂ ਰੀਜ਼ਰਵ ਕਰਵਾਉਣ ਲਈ ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ:

ਸੁਰਜੀਤ ਕਲਸੀ
ਗੈਸਟ ਐਡੀਟਰ ਪੰਜਾਬੀ ਅੰਕ
5346-CECIL ST.
VANCOUVER, B.C.
CANADA

ਟੈਲੀਫ਼ੋਨ:

438-7793



ਸੋਨੇ ਦੇ ਲੇਟੈਸਟ ਡੀਜ਼ਾਈਨਾਂ ਵਿੱਚ ਗਹਿਣੇ ਬਣਵਾਉਣ ਲਈ:

SONI & SONS JEWELLERS

Specialist in East Indian Jewelery

6524 MAIN ST.

( AT 49th. Ave.)

VANCOUVER, B.C.

PHONE:

324-1012

RES.

327-0783


"ਜਿਉਂਦਾ ਰਹੇਂ ਓਏ ਮੇਰੇ ਸ਼ੇਰ ਵੱਗਿਆ।" ਤੇ ਸਾਵੇ ਨੇ ਘੁੰਗਰੂ ਛਣਕਾਉਂਦਿਆਂ ਲੰਡੇ ਤੋਂ ਅੱਧਾ ਹੱਥ ਅਗਾਂਹ ਪੰਜਾਲੀ ਕਰ ਦਿੱਤੀ। ਕਿਆਰ ਦੀ ਆਖ਼ਰੀ ਰਹਿਲ ਸੀ। ਜੀਤੋ ਸਿੱਧੀ ਤੂਤ ਕੋਲ ਜਾ ਕੇ ਰੁਕ ਗਈ ਤੇ ਤੋਤੀ ਨੇ ਖੂੰਜੇ ਤੋਂ ਹੀ ਕਾਟਵਾਂ ਸਿਆੜ ਤੂਤ ਵਲ ਨੂੰ ਕਰ ਲਿਆ। ਤੋਤੀ ਨੇ ਹੱਲ ਰੋਕਿਆ। ਦੀਪੋ ਦੇ ਮੂੰਹ ਤੇ ਕੋਈ ਮੁੱਦਤਾਂ ਦੀ ਲੰਬੀ ਉਦਾਸੀ ਤਣੀ ਪਈ ਸੀ ਤੇ ਅੱਖਾਂ ਵਿਚੋਂ ਜਿਵੇਂ ਕੋਈ ਰੌਣਕ ਰੁਸ ਗਈ ਹੋਵੇ। ਜੀਤੋ ਨੇ ਲੱਸੀ ਦੀ ਢੱਲ੍ਹਣੀ ਲਾਹੀ ਤੇ ਰੋਟੀਆਂ ਖੋਹਲਣ ਲੱਗ ਪਈ। ਤੋਤੀ ਦੀ ਸਾਰੀ ਖੁਸ਼ੀ ਕਿਸੇ ਥਾਵੇਂ ਦੱਬੀ ਗਈ। ਉਹਨੇ ਬਲਦਾਂ ਦੀ ਜੋਗ ਉਥੇ ਹੀ ਪੰਜਾਲੀ ਨਾਲ ਅੜਕਾਅ ਦਿੱਤੀ। ਲੰਡਾ ਥਾਵੇਂ ਹੀ ਬਹਿ ਗਿਆ ਤੇ ਸਾਵਾ ਖੜ ਕੇ ਉਗਾਲੀ ਕਰਨ ਲੱਗ ਪਿਆ। ਬਖਤੌਰੀ ਜੀਤੋ ਦੇ ਮੂੱਢ ਆ ਕੇ ਬੈਠ ਗਿਆ। ਪਰ ਉਹ ਉਂਜ ਦੀ ਉਂਜ ਚੁਪ ਬੈਠੀ ਰਹੀ।

"ਕੀ ਗੱਲ ਐ।" ਤੋਰੀ ਨੇ ਚੁੱਪ ਤੋੜੀ। ਪਰ ਉਹ ਅਜੇ ਭੀ ਚੁੱਪ ਸੀ।

"ਮੈਂ ਕਿਹਾ ਕੀ ਗੱਲ ਐ ਬੇਬੇ ਨੇ ਕੁਛ ਕਿਹਾ ?" ਤੋਰੀ ਨੇ ਫਿਰ ਦੁਬਾਰਾ ਪੁੱਛਿਆ।

'ਕੁਛ ਨੀ।"

"ਫੇਰ ਭੀ ?"

"ਮੈਂ ਕਹਿੰਨੀ ਆਂ ਨਾ ਕੁਛ ਨੀ।" ਉਦਾਸੀ ਦੀ ਥਾਵੇਂ ਉਹਦੇ ਚੇਹਰੇ ਤੇ ਗੁੱਸਾ ਭਰ ਆਇਆ ਸੀ।

"ਚੰਗਾ ਮੈਂ ਨੀ ਖਾਂਦਾ ਰੋਟੀ।"

"ਰੋਟੀ ਨਾਲ ਵੈਰ ਆ ਕੋਈ ?"

"ਫੇਰ ਦਸਦੀ ਕਿਉਂ ਨੀ ਕੁਛ ?"

"ਕੁਛ ਹੋਵੇ ਤਾਂ ਦੱਸਾਂ ?"

"ਜੇ ਕੁਛ ਨੀ ਤਾਂ ਬੂਥਾ ਕਿਉਂ ਸੁਜਾਇਆ ?" ਉਦਾਸੀ ਹੋਰ ਭੀ ਡੂੰਘੀ ਹੋ ਗਈ।

"ਆਪਾਂ ਪੈਨਸ਼ਨੀਏ ਦਾ ਦੇਣਾ ਕੁਛ ?"

"ਨਹੀਂ ਤਾਂ" ਪਰ ਬਖਤੌਰੀ ਅੰਦਰੋਂ ਧੁਰ ਹਿਰਦੇ ਤਕ ਕੰਬ ਗਿਆ। ਉਹ ਜਾਣਦਾ ਸੀ ਵਿਆਹ ਤੇ ਪੈਨਸ਼ਨੀਏ ਤੋਂ ਦੀ ਬਿਆਜੂ ਪੈਸੇ ਲੈ ਕੇ ਲਾਏ ਸੀ। ਜੇਹੜੇ ਹਾੜੀ ਨੂੰ ਮੋੜਨੇ ਸੀ ਪਰ ਉਹ ਗੱਲ ਨੂੰ ਟਾਲਣਾ ਚਾਹੁੰਦਾ ਸੀ।

"ਜੇ ਦੇਣੇ ਨੀ ਤਾਂ ਉਹ ਆਇਆ ਕਿਉਂ ਸੀ ?

"ਉਹ ਤਾਂ ਰੇਤ ਦੀਆਂ ਬੋਰੀਆ ਲੈਣ ਵਾਰੇ ਪੁੱਛਣ ਆਇਆ ਹੋਊ।" ਗੱਲ ਟਾਲ ਕੇ ਉਹਨੇ ਲੰਬਾ ਸਾਹ ਲਿਆ।

"ਪਰ ਉਹ ਤਾਂ ਪੈਸੇ ਮੰਗਦਾ ਸੀ।" ਜੀਤੋ ਦੀ ਤਾਕਣੀ ਵਿਚ ਏਨੀ ਕਾਟ ਸੀ ਕਿ ਜਰਵਾਣਾ ਬਖਤੌਰੀ ਉਹਦੀਆਂ ਅੱਖਾਂ ਵਿਚ ਨਾ ਦੇਖ ਸਕਿਆ। ਸ਼ਰਮਿੰਦਗੀ ਨਾਲ ਉਹਦੀ ਗਰਦਨ ਨੀਵੀਂ ਹੋ ਗਈ।

"ਤੇ ਨਾਲੇ ਕਹਿੰਦਾ ਸੀ ਪੈਸੇ ਦਿਉ ਜਾਂ.....।" ਅਗਾਂਹ ਉਹ ਬਖਤੌਰੀ ਤੋਂ ਹੁੰਗਾਰਾ ਲੈਣ ਲਈ ਰੁਕ ਗਈ।

'ਜਾਂ ?"

"ਜਾਂ ਜ਼ਮੀਨ ਲਿਖਾ ਦਿਉ।"

ਬਖਤੌਰੀ ਦੀਆਂ ਅੱਖਾਂ ਵਿਚ ਅਜੀਬ ਗੁੱਸਾ ਤੇ ਰੋਣਾ ਭਰ ਆਇਆ ਸੀ। ਉਹ ਉੱਚੀ ਉੱਚੀ ਗਾਲ੍ਹਾਂ ਕਢਣ ਲਗ ਪਿਆ ਤੇ ਨਾਲ ਈ ਬਚਿਆਂ ਵਾਂਗ ਰੋਣ। "ਉਹਦੀ ਮਾਂ ਦੀ.....। ਮੇਰੇ ਸਾਲੇ ਦੀਆਂ ਲੱਤਾਂ ਵੱਢੂੰ ਪਟਾਂ ਕੋਲੋਂ।..... ਫੇਰੇ ਦੇਣਾ ਹੱਲ ਤਾਂ ਜੋੜ ਕੇ ਵੇਖੇ। ਉਹਦੀ ਕੁੜੀ......।" ਮਾਲ ਚਾਰਦੇ ਵੇਲੇ ਦੀਆਂ ਸਿਖੀਆਂ ਸਭ ਗਾਲ੍ਹਾਂ ਉਹ ਕੱਢ ਦਿੰਦਾ ਜੇ ਜੀਤੋ ਨਾ ਟੋਕਦੀ। "ਜੀਹਦਾ ਦੇਣਾ......ਦੇਣਾ ਏ। ਬੁੜੀਆਂ ਵਾਂਗ ਕਿਉਂ ਬੁਕਦੈਂ।" ਤੇ ਉਹ ਰੋਟੀ ਤੂਤ ਨਾਲ ਬੰਨ੍ਹਣ ਲਈ ਉਠ ਖੜੀ ਹੋਈ। "ਜਦੋਂ ਭੁੱਖ ਲੱਗੀ ਖਾਲੀਂ......ਮੈਂ ਚੱਲੀ।"

ਬਖਤੌਰੀ ਉਠਿਆ ਤੇ ਬਲਦ ਜੋੜਨ ਲੱਗ ਪਿਆ। ਅਜੇ ਉਹਨੇ ਪੰਜਾਲੀ ਬਲਦਾਂ ਦੇ ਗੱਲ ਦਿੱਤੀ ਸੀ ਤੇ ਕਿੱਲੀ ਉਹਦੇ ਹੱਥ ਵਿਚ ਈ ਸੀ, ਤੂਤ ਵਲੋਂ ਜੀਤੋ ਮੁੜੀ ਆ ਰਹੀ ਸੀ — "ਮੇਰਾ ਮਰੀ ਦਾ ਮੂੰਹ ਵੇਖੇਂ ਜੇ ਕੁਛ ਲਕੋਏਂ।" ਦੀਪੋ ਦੀਆਂ ਉਦਾਸ ਅੱਖਾਂ ਉਹਨੂੰ ਕਿੱਡਾ ਵੱਡਾ ਉਲਾਂਭਾ ਦੇ ਗਈਆਂ ਸੀ। ਬਖਤੌਰੀ ਤੋਂ ਉਹਦੀਆਂ ਅੱਖਾਂ ਵਿਚ ਵੇਖਿਆ ਨਾ ਗਿਆ। ਬਿਨਾਂ ਪਿੱਠ ਮੋੜਿਆਂ ਈ ਜੀਤੋ ਨੇ ਪੁਛਿਆ "ਦੁਪੈਰ ਦੀ ਰੋਟੀ ਏਥੇ ਲਿਆਵਾਂ ?"

"ਨਹੀਂ, ਮੈਂ ਤਾਂ ਹੱਲ ਛੱਡ ਕੇ ਆ ਰਿਹਾਂ।" ਸਿਵਿਆਂ ਦੀ ਫਿਜ਼ਾ ਵਰਗੀ ਚੁਪ ਉਹਦੇ ਸਾਰੇ ਖੇਤ ਤੇ ਫੈਲਦੀ ਗਈ ਸੀ। ਕਿੱਲੀ ਉਹਦੇ ਹੱਥੋਂ ਛੁਟ ਗਈ। ਖਾਲ ਦੀ ਵੱਟ ਤੇ ਪਏ ਮੀਂਹ ਦੇ ਛਿੱਟੇ ਕੁਆਰੀ ਦੇ ਹੰਝੂਆਂ ਵਾਂਗ ਲਟਕ ਰਹੇ ਸੀ।

BUYING, SELLING, TRADING?
TWO PROFESSIONAL SALESMEN TO SERVE YOU AND YOUR PARTICULAR REAL ESTATE NEEDS. CALL US AT

**MARS REALTY**

1437 Kingsway
Vancouver

***872-0131***



ਅਮਰਜੀਤ ਗਿੱਲ

ਦਰਸ਼ਨ ਉੱਪਲ



AMARJIT GILL
Res. 278-5443

DARSHAN UPPAL
Res. 594-8756

## UNDER NEW MANAGEMENT

# BOMBAY CURRY RESTAURANT

3934 MAIN STREET (23rd AVE.), VANCOUVER, B.C.

PHONE: 874-5722

***Open 12 to 12 Every day***

FOR TAKE AWAY AND EAT THERE,
MOUTH WATERING SWEETS:
Mesu, Patisa, Besan, Barfi, Gajarpak, Laddo, Padha, Gulab jamun, Rasgoole, Badana, Jalebi, Amratiyan, Shakerpare, Namkeen Bhujiya, Gole, Guppay, Samosa and many, many more.



NARESH SHUKLA

CHICKEN CURRY, BEEF CURRY, VEGETABLE LAMB, CHICKEN TANDOORI (SERVED WITH SALAD & RICE PILLAU), FRESH GREEN BEANS & POTATOES, MIXED VEGETABLE.

ਮਿੰਨੀ ਸਚਾਈ ਕਾਲਮ

## 1. ਹੇ ਬਾਬਾ ਨਾਨਕ — ਰਣਜੀਤ ਸਿੰਘ

"ਮੈਂ ਤੈਨੂੰ ਦੱਸਦਾਂ ਪਰ ਤੂੰ ਅੱਗੇ ਕਿਸੇ ਨੂੰ ਨਾ ਦੱਸੀਂ" ਦੀ ਹਦਾਇਤ ਸਮੇਤ ਪਿਛਲੀ ਰਾਤ ਗੁਰਦੁਆਰੇ ਵਿਚੋਂ ਚੋਰੀ ਹੋਏ ਆਟੇ ਦੇ ਚਾਰ ਬੋਰਿਆਂ ਦੀ ਖਬਰ ਸਾਰੇ ਗੁਰਦੁਆਰੇ ਵਿੱਚ ਘੁੰਮ ਗਈ।

ਦਰਵਾਜ਼ੇ ਕੋਲ ਖਲੋਤੇ ਘੁਸਰ-ਮੁਸਰ ਕਰਦੇ ਬੀਬੀਆਂ ਦੀ ਗੱਲ ਸੁਣਨ ਲਈ ਮਾਈ ਨੇ ਪੈਰ ਜ਼ਰਾ ਮਲੇ। ਸਭ ਕੁਝ ਸੁਣ ਲਿਆ।

"ਹੇ ਵਾਹਗੁਰੂ ਇਹੋ ਜੇ ਲੋਕਾਂ ਦਾ ਕਿਵੇਂ ਪਾਰ ਉਤਾਰਾ ਹੋਊ। ਹੇ ਬਾਬਾ ਨਾਨਕ! ਸਾਡੇ ਲੋਕਾਂ ਨੂੰ ਸੁਮੱਤ ਬਖ਼ਸ਼!"; ਇਹ ਕਹਿੰਦੀ ਹੋਈ ਇਕ ਹੱਥ ਵਿੱਚ 'ਖੱਟੇ' ਦੀ ਤੇ ਦੂਜੇ ਹੱਥ ਵਿੱਚ 'ਸਬਜ਼ੀ' ਦੀ ਭਰੀ ਬਾਲਟੀ ਫੜੀ ਦਰਵਾਜ਼ਿਓਂ ਬਾਹਰ ਹੋ ਗਈ।

## 2. ਵੱਡੇ ਬੰਦੇ — ਰਣਜੀਤ ਸਿੰਘ

'ਵੱਡੇ ਬੰਦਿਆਂ' ਦੀ ਸੰਗਤ ਦਾ ਅਵਸਰ ਜ਼ਿੰਦਗੀ ਵਿੱਚ ਕਦੀ ਕਦਾਈਂ ਹੀ ਮਿਲਦਾ ਹੈ। ਇਕ ਵਾਰ ਕਿਸਮਤ ਦੀ ਗ਼ਲਤੀ ਨਾਲ ਦੋ ਐਡੀਟਰਾਂ ਦੀ ਸੰਗਤ ਦਾ ਮੌਕਾ ਮੇਰੇ ਹੱਥ ਵੀ ਲੱਗ ਗਿਆ। ਕਾਫ਼ੀ ਦੇ ਕੱਪ ਤੇ ਵਿਚਾਰ ਵਟਾਂਦਰਾ ਸ਼ੁਰੂ ਹੋਇਆ। ਕੈਨੇਡਾ ਵਿਚ ਰਹਿ ਰਹੇ ਹਿੰਦੁਸਤਾਨੀ ਲੋਕਾਂ ਤੇ ਕੈਨੇਡੀਅਨ ਲੋਕਾਂ ਦੇ ਰਹਿਣ ਢੰਗ ਨੂੰ ਅਤੇ 'ਆਪਣੇ ਮੂੰਹੋਂ ਮੀਆਂ ਮਿੱਠੂ' ਬਣਨ ਵਾਲਿਆਂ ਨੂੰ ਚੰਗਾ ਪਰੋਲਿਆ ਗਿਆ।

ਆਪਣੇ ਮੂੰਹੋਂ ਮੀਆਂ ਮਿੱਠੂ ਬਣਨ ਵਾਲਿਆਂ ਦੀ ਆਲੋਚਨਾ ਕਰਦੇ ਹੋਏ ਇਕ ਐਡੀਟਰ ਦੇ ਮੂੰਹੋਂ 'ਮੈਂ ਹੀ ਮੈਂ' ਦੀ ਰੱਟ ਸੁਣਕੇ, ਅਧਿਆਨ-ਪੂਰਬਕ ਸੁਣਦੇ, ਕੁਝ ਕਹਿਣ ਲਈ ਉਤਾਵਲੇ ਤੇ ਉਸਲਵੱਟੇ ਲੈਂਦੇ ਹੋਏ ਦੂਜੇ ਐਡੀਟਰ ਤੋਂ ਵੀ ਬਹੁਤ ਚਿਰ ਰਿਹਾ ਨਾ ਗਿਆ– ਉਹ ਬੋਲਿਆ: "ਜੇ ਸੱਚ ਪੁਛਦੇ ਹੋ ਤਾਂ ਇਲੈਕਟ੍ਰੀਕਲ ਇੰਜਨੀਅਰਿੰਗ ਵਿੱਚ ਦਾਖ਼ਲਾ ਵੀ ਮੈਂ ਇੱਥੋਂ ਦੇ ਪੜ੍ਹੇ ਲਿਖੇ ਤਬਕੇ ਦੇ ਰਹਿਣ-ਢੰਗ ਦਾ ਅਧਿਐਨ ਕਰਨ ਲਈ ਹੀ ਲਿਆ ਹੈ।"

ਮੈਂ ਕਾਫ਼ੀ ਦਾ ਕੱਪ ਮੂੰਹ ਨੂੰ ਲਾਇਆ। ਐਨੀ ਖੰਡ ਹੋਣ ਦੇ ਬਾਵਜੂਦ ਵੀ ਕਾਫ਼ੀ ਕਰਕਰੀ ਸੀ।

## 3. ਚੁੱਪ-ਗੜੁੱਪ ਪਰਬਤ — ਜੋਗਰਾਜ ਮੇਹਤਾ

ਚੁੱਪ-ਗੜੁੱਪ ਪਰਬਤ ਪਤਾ ਨਹੀਂ ਕੀ ਕੁਝ ਆਪਣੇ ਅੰਦਰ ਸਮਾਈ ਬੈਠਾ ਹੈ।

ਇਸਨੂੰ ਖੋਦਿਆ ਜਾ ਰਿਹਾ ਹੈ।
ਕਿਤੇ ਅੰਦਰੋਂ ਦੀ ਰੇਲਵੇ ਲਾਈਨ ਲਈ ਸੁਰੰਗ ਪੁੱਟੀ ਜਾ ਰਹੀ ਹੈ।
ਕਿਤੇ ਧਾਤਾਂ ਦੀ ਖੋਜ ਹੋ ਰਹੀ ਹੈ।
ਕਿਤੇ ਇਸਤੇ ਉੱਗੇ ਦਰਖ਼ਤ ਵੱਢੇ ਜਾ ਰਹੇ ਹਨ।

ਇਸਨੂੰ ਬਿਲਕੁੱਲ ਖੋਖਲਾ ਕੀਤਾ ਜਾ ਰਿਹਾ ਹੈ।
ਇਸੇ ਤਰ੍ਹਾਂ ਹੀ ਇਸਨੂੰ ਖੋਖਲਾ ਕੀਤਾ ਜਾਏਗਾ ਜਦ ਤੱਕ ਖੋਦਣ ਵਾਲਿਆਂ ਦੇ ਹਿੱਤਾਂ ਲਈ, ਆਪਣੇ ਸਿਰ ਤੇ ਉੱਗੀਆਂ ਜੜੀਆਂ-ਬੂਟੀਆਂ ਦਾ ਭਾਰ ਸਹਿੰਦਾ ਸਹਿੰਦਾ ਇਹ ਆਪਾ ਨਹੀਂ ਮਿਟਾ ਲੈਂਦਾ।

ਦੇਖਣ ਨੂੰ ਬੇਜ਼ਾਨ ਹੈ, ਪਰ ਸਮੇਂ ਦੇ ਕਿੱਡੇ ਵੱਡੇ ਹੇਰ-ਫੇਰ ਨੂੰ ਆਪਣੇ 'ਚ ਲਕੋਈ ਬੈਠਾ ਹੈ।

## ਰਾਤ ਕਿੰਨੀ ਹੈ ਹੁਸੀਨ

ਨਵਤੇਜ ਭਾਰਤੀ

ਰਾਤ ਕਿੰਨੀ ਹੈ ਹੁਸੀਨ
ਚੰਨ ਦਾ ਮੂੰਹ ਗੋਲ ਹੈ
ਵਗ ਰਿਹਾ ਦਰਿਆ
ਕਿ ਨਿੰਮੀ ਤੋਰ ਹੈ

ਨੱਚਦੀਆਂ ਲਹਿਰਾਂ 'ਤੇ ਤਰਦੀ ਚਾਨਣੀ
ਕਿ ਚਾਨਣੀ ਦੀ ਸੁਬਕ ਛੋਹ
ਕੀ ਕਰ ਗਈ
ਪਾਣੀਆਂ ਦਾ ਰੰਗ ਗੋਰਾ ਹੋ ਗਿਆ
ਨ੍ਹਾ ਰਹੇ ਨੇ ਚੰਨ ਤਾਰੇ ਸੁਲਘਦੇ
ਸੀਨੇ 'ਚ ਜਜ਼ਬੇ ਮਚਲਦੇ ਨੇ ਜਿਸ ਤਰ੍ਹਾਂ
ਕੰਢਿਆਂ ਦੇ ਹੋਂਠ ਫਰਕਣ
ਥਰਕਦਾ ਸੰਗੀਤ ਹੈ
ਤੇਰਿਆਂ ਬੋਲਾਂ ਦੇ ਵਾਂਗ
ਕੰਬਦਾ ਕੋਈ ਬੋਲ ਹੈ
ਰਾਤ ਕਿੰਨੀ ਹੈ ਹੁਸੀਨ
ਚੰਨ ਦਾ ਮੂੰਹ ਗੋਲ ਹੈ

ਊਂਘਦੀ ਧਰਤੀ ਚੁਫੇਰੇ ਚੁੱਪ ਹੈ
ਹੈ ਬੇਹੋਸ਼ੀ ਵਿੱਚ ਸੁੱਤੀ
ਸੰਘਣੇ ਰੁੱਖਾਂ ਦੀ ਛਾਂ
ਫਿਰ ਰਿਹਾਂ ਬੇਚੈਨ, ਹੌਲੀ ਇਸ ਤਰ੍ਹਾਂ
ਸੁਪਨਿਆਂ ਦੀ ਜੂਹ 'ਚ ਜੀਕਣ
ਵਿਚਰਦੀ ਹੈ ਕਲਪਣਾ
ਦਿਲ ਦੀ ਤ੍ਰਿਖਾ ਨੂੰ
ਬੁਝਾਵਾਂ ਕਿਸ ਤਰ੍ਹਾਂ
ਅੱਗ ਦਿਲ ਦੀ ਪਾਣੀਆਂ ਤੋਂ ਸੀਤ
ਫੁੱਲੋਂ ਸੂਹਲ ਹੈ
ਰਾਤ ਕਿੰਨੀ ਹੈ ਹੁਸੀਨ
ਚੰਨ ਦਾ ਮੂੰਹ ਗੋਲ ਹੈ

## ਗ਼ਜ਼ਲ

ਇਕਬਾਲ ਰਾਮੂਵਾਲੀਆ

ਨਜ਼ਰ 'ਤੇ ਖ਼ੰਜਰਾਂ ਦਾ ਗੁੱਛਾ ਲਟਕਦਾ,
ਪੈਰ ਤੋਂ ਸਿਰ ਤੀਕ ਕੰਡਾ ਰੜਕਦਾ।

ਜਦ ਪਸੀਨਾ ਜਾਮ ਵਿਚ ਹੁੰਦਾ ਕਤਲ,
ਨੇਤਰੀਂ ਲੋਹਾ ਪਿਘਲ ਕੇ ਛਲਕਦਾ!

ਖਲੜੀਆਂ ਦੇ ਬੂਟ ਲਵਾਂਗੇ ਤੋਲੀਏ,
ਪੂੰਝ ਦੇਣਾ ਉਚਰਿਆ ਮੁਖ ਖ਼ਲਕਦਾ!

ਚੜ੍ਹ ਰਹੀ ਬੋਲਾਂ ਨੂੰ ਸੱਪਾਂ ਦੀ ਪਿਓਂਦ,
ਦਿਲ ਸਪੇਰੇ ਦਾ ਕਿਵੇਂ ਨਾ ਧੜਕਦਾ!

ਆ ਗਈਆਂ ਤਲਵਾਰ ਨੂੰ ਵੀ ਤ੍ਰੇਲੀਆਂ
ਅਜ ਕਤਲ ਹੋਣਾ ਹੈ ਆਸ਼ਕ ਫ਼ਲਕ ਦਾ!!

## ਸ਼ੋਰ

ਸਾਧੂ

ਏਸ ਸ਼ਹਿਰ ਨੂੰ
ਰੂਪ ਚੜ੍ਹਾਇਆ
ਰੰਗ-ਬਰੰਗੇ ਰੰਗਾਂ
ਸੋਹਲ ਕਿਸੇ ਮੁਟਿਆਰ ਦੀ ਵੀਣੀ
ਜਿਵੇਂ ਚਮਕਦੀਆਂ ਵੰਗਾਂ
ਹੁਸਨ-ਲੁਟੇਰਾ ਫਿਰ
ਚੜ੍ਹ ਆਇਆ
ਲਾਹ ਕੇ ਸਾਰੀਆਂ ਸੰਗਾਂ
ਸੋਹਲ ਕੁੜੀ ਦੀ ਅੱਖੀਂ ਖ਼ੂਨ
ਸ਼ੋਰ ਮਚਾਇਆ ਵੰਗਾਂ

## [illegible]

[illegible]

ਤੁਸੀਂ ਤਾਂ ਮੇਰੀ ਬੋਲੀ ਤੋਂ ਹੀ ਸੰਗ ਜਾਂਦੇ ਹੋ
ਮੇਰਾ ਮੂੰਹ ਤੱਕ ਕੇ ਹੀ ਗੱਲਾਂ ਕਰਦੇ ਹੋ
ਸ਼ਬਦਾਂ ਦੇ ਜੰਗਲ ਵਿਚ ਆਓ
ਅਰਥਾਂ ਦੀ ਡੰਡੀ ਲੱਭ ਕੇ
ਰੂਹ ਦੀ ਕੁਟੀਆ ਤਕ ਤਾਂ ਪਹੁੰਚੋ
ਚਾਨਣ ਦੀ ਖਿੜਕੀ ਆਪੇ ਹੀ ਖੁਲ੍ਹ ਜਾਏਗੀ ।
ਤੱਕ ਲੈਣਾ ਫਿਰ ਕੁਲ ਸ੍ਰਿਸ਼ਟੀ
ਜਗਦੇ ਬੁਝਦੇ ਬਿੰਦੂਆਂ ਦੇ ਵਿਚ ਟੁੱਟੀ
ਤੱਕ ਲੈਣਾ ਫਿਰ ਕੁਲ ਪਦਾਰਥ
ਲਹਿਰ ਲਹਿਰ ਹੋ ਵਗਦਾ
ਤੱਕ ਲੈਣਾ ਪ੍ਰਮਾਣੂ ਅੰਦਰ
ਸ਼ਾਂਤ ਅਗਨ ਕਿੰਜ ਵਸਦੀ
ਤੱਕ ਲੈਣਾ ਫਿਰ ਲੱਖਾਂ ਯੋਜਨ ਲੰਬੀਆਂ
ਦਾਵਾਨਲ ਦੀਆਂ ਲਾਟਾਂ
ਮਚਦੀਆਂ ਪੱਖ ਅਵਕਾਸ਼ ਦੇ ਅੰਦਰ
ਤੱਕ ਲੈਣਾ ਫਿਰ ਆਪਣਾ ਕੱਦ ਵੀ
ਖੰਡ ਮੰਡਲਾਂ ਵਿਚ
ਸ਼ਾਂਤ ਮਹਾਂ ਸਾਗਰ ਦੀ ਰੇਤ 'ਚੋਂ ਇਕ ਕਿਣਕੇ ਦੇ ਹਾਰ
ਤੱਕ ਲੈਣਾ ਬ੍ਰਹਿਮੰਡ ਡੋਲਦੇ
ਇਸ ਕਿਣਕੇ ਦੇ ਮਸਤਕ ਅੰਦਰ
ਖੜ੍ਹ ਲੈਣਾ ਫਿਰ ਜੀਵਨ-ਮਰਨ ਵਿਚਾਲੇ
ਟਟਦੀ ਜੁੜਦੀ ਰੇਖਾ ਉੱਤੇ
ਕਰ ਲੈਣਾ ਫਿਰ ਬੇਸ਼ਕ ਆਪਣੀ ਮ੍ਰਿਤਯੂ ਦੇ ਪ੍ਰਛਾਵੇਂ ਅੰਦਰ
ਆਪਣੇ ਆਪ ਨਾਂ ਗੱਲਾਂ ।
ਪਰ ਨੰਗੇ ਪੈਰੀਂ ਰੋੜਾਂ 'ਤੇ ਤੁਰ ਕੇ ਤਾਂ ਆਓ
ਨਿੱਘੇ ਘਾਹ 'ਤੇ ਤੁਰਿਆਂ ਚੇਤਨਤਾ ਕਦ ਜਾਗੀ ।

## ਗ਼ਜ਼ਲ

'ਸੂਫ਼ੀ' ਅਮਰਜੀਤ 'ਬੱਜੀਆਂ'

ਕਹਿਰਾਂ ਭਰੀ ਇਸ ਵਾਰ ਰੁਤ ਆਈ ਸਿਆਲ ਦੀ ।
ਲੋੜ ਮੈਨੂੰ ਤਾਂ ਪਈ ਗਰਮੀ ਦੀ ਭਾਲ ਦੀ ।
ਮੁੰਦ ਹੋ ਗਏ ਕੰਨ ਤੇ ਅੱਖਾਂ ਥਰਰਾ ਗਈਆਂ
ਬੁੱਲਾਂ ਦੀ ਇਹ ਚੁੱਪ, ਕੀ ਹੈ ? ਸੂਚਨਾ ਇਹ ਕਾਲ ਦੀ।
ਦਾਈ ਦੇ ਭੇਸ ਵਿੱਚ ਲੁਕ ਸਕਦੀ ਏ ਪੂਦਨਾ
ਕਿੱਦਾਂ ਯਕੀਨ ਆਏ ਕਿ ਬੱਚੇ ਨੂੰ ਪਾਲ ਦੀ ।
ਹਰ ਕੋਨੇ 'ਚ ਸਲੀਬ ਜਿਸ ਦੇ ਨਾਟ-ਘਰ ਵਿਖੇ
ਕਹੀਏ ਕਿਵੇਂ ਉਹ ਨਾਟੀ ਹੈ ਮਰੀਅਮ ਦੇ ਨਾਲ ਦੀ ।
ਮੌਤ ਵਰਗੀ ਸੁੰਨ ਦੇ ਇਹਨਾਂ ਦਿਨਾਂ ਦੇ ਵਿੱਚ
ਜੀਣ ਦੀ ਹੀ ਤਾਂਘ ਹੈ ਮੈਨੂੰ ਉਠਾਲ ਦੀ ।
ਖਿਚੀ ਲਕੀਰ ਸੋਚ ਵਿੱਚ ਥਿੜਕਣ ਹਟਾਉਣ ਨੂੰ
ਇੱਕ ਬੰਨੇ ਹੋ ਜਾ 'ਸੂਫ਼ੀ' ਨਾ ਥਾਂ ਵਿਚਾਲ ਦੀ ।

## ਦੋ ਕਵਿਤਾਵਾਂ

ਮਾਓ-ਜ਼ੇ-ਤੁੰਗ

(26·12·1893 - 9·9·1976)

### ਤਾਪੌਤੀ

ਲਾਲ, ਸੰਤਰੀ, ਖੱਟੇ-ਪੀਲੇ,
ਲਾਜਵਰ, ਨੀਲੇ, ਸਾਵੇ, ਜਾਮਨੂੰ
ਕੌਣ ਧਮਾਲਾਂ ਪਾਉਂਦਾ ਵਿਚ ਅਕਾਸ਼
ਕੌਣ ਫੇਰਦਾ ਰੰਗ ਦਾ ਪਟਕਾ ?

ਹੁਣੇ ਸੀ ਵਰ੍ਹਦਾ ਮੇਘਲਾ
ਹੁਣੇ ਹੀ ਸੂਰਜ ਛਿਪ ਚਲਿਆ ਹੈ
ਨੀਲੀ ਨੀਲੀ ਪਰਬਤ-ਮਾਲਾ
ਨੀਲਾ ਹੀ ਔਹ ਦੱਰਾ ਹੈ ।
ਕਦੇ ਏਥੇ ਜਾਨ-ਹੁਲਵੀਂ ਜੰਗ ਸੀ ਹੋਈ
ਬਣ ਬਣ ਬੈਠਣ
ਗੋਲੀਆਂ-ਵਿੰਨ੍ਹੀਆਂ ਪਿੰਡ ਦੀਆਂ ਕੰਧਾਂ
ਤੇ ਅੱਜ ਤਾਂ ਹੋਰ ਵੀ ਸੁਹਣੀ ਜਾਪੇ
ਇਹ ਪਰਬਤ ਦੀ ਮਾਲਾ ।

### ਸ਼ਾਓਸ਼ਾਨ ਵਾਪਸੀ

(25 ਜੂਨ 1959 ਨੂੰ ਮੈਂ ਬੱਤੀ ਵਰਿਆਂ ਦੀ ਗ਼ੈਰ-ਹਾਜ਼ਰੀ ਮਗਰੋਂ ਸ਼ਾਓਸ਼ਾਨ ਪਰਤਿਆ)

ਧੋਹੜਾ ਧੋਹੜਾ ਯਾਦ ਹੈ ਸੁਪਨਾ
ਬੱਤੀ ਸਾਲਾਂ ਤੋਂ ਘਰ ਆਏ ਦਾ
ਪਾਵਾਂ ਉਸ ਵੇਲੇ ਨੂੰ ਫਿਟਕਾਰਾਂ
ਜੋ ਹੁਣ ਤਾਈਂ ਲੰਘ ਗਿਆ ਹੈ

ਸੁਰਖ਼ ਫਰੇਰੇ ਲੈ ਕੇ
ਬਰਛੇ-ਭਾਲੇ ਚੁਕੇ ਸਨ ਕਿਰਸਾਨਾਂ
ਹਾਕਮ ਦੇ ਕਾਲਖ਼-ਲੱਦੇ ਹੱਥਾਂ ਨਾਲ
ਸੀ ਪੈਂਦੀ ਕੋਰੜਿਆਂ ਦੀ ਮਾਰ
ਉੱਚੇ-ਸੁੱਚੇ ਜਜ਼ਬੇ ਸਨ ਦਰਸਾਉਂਦੇ
ਲੋਕੀਂ ਆਪਾ ਵਾਰ :
ਸੂਰਜ ਚੰਨ ਨੂੰ ਕਿਹਾ ਗਿਆ ਇਹ
ਬਖ਼ਸ਼ੋ ਅਸਮਾਨਾਂ ਨੂੰ ਨਵੀਂ ਨੁਹਾਰ
ਖੀਵਾ ਹੋਇਆ ਤਕ ਰਿਹਾ ਹਾਂ
ਨਿੱਸਰੀਆਂ ਹੋਈਆਂ ਧਾਨੀ ਲਹਿਰਾਂ
ਤੇ ਘਰਾਂ ਨੂੰ ਜਾਂਦੇ ਹਰ ਥਾਂ ਸੂਰੇ
ਧੂੰ-ਰੰਗੇ ਸੂਰਜ ਅਸਤਣ ਵੇਲੇ ।

[ ਅਨੁ : ਅਮਰਜੀਤ ਚੰਦਨ

## ਅਮਰ-ਅੱਗ

ਕੇਸਰ ਸਿੰਘ ਨਾਵਲਿਸਟ

ਮੇਰੇ ਨੈਣਾਂ ਦੀ ਚਮਕ
ਮੇਰੇ ਦਿਲ ਦੀ ਧੜਕਣ
ਮੇਰੇ ਅੰਦਰ ਦੀ ਅੱਗ
ਹੋਰ ਤੇਜ਼ ਹੋ
ਮੈਂ ਭੱਜਾਂ, ਮੈਂ ਦੌੜਾਂ
ਮੈਂ ਬੋਲਾਂ, ਮੈਂ ਕੂਕਾਂ —
ਕਹਿਣ ਨੂੰ
ਜੋ ਮੈਂ ਕਹਿਣਾ ਹੈ।

ਮੇਰੇ ਨੈਣਾਂ ਦੀ ਚਮਕ
ਤੇਰੇ ਨੈਣਾਂ ਦੀ ਚਮਕ ਦੀ
ਸਾਂਝੀ ਬਣੇ
ਮੇਰੇ ਦਿਲ ਦੀ ਧੜਕਣ
ਤੇਰੇ ਦਿਲ ਦੀ ਧੜਕਣ
ਦੀ ਰਗੜ
ਜਨਮ ਦਏ ਉਸ ਅੱਗ ਨੂੰ
ਜੋ ਬੁਝਾਇਆਂ ਨਾ ਬੁਝੇ
ਜਿਸ ਨਾਲ
ਧਰਤੀਆਂ ਤੇ ਆਕਾਸ਼
ਚਮਕ ਉੱਠਣ
ਮੈਂ ਗੱਲ ਕਰਦਾ ਹਾਂ
ਉਸ ਅਮਰ-ਅੱਗ ਦੀ
ਜਿਸ ਨੂੰ ਕੋਈ ਜੋਰ-ਦੁਸ਼ਮਣ
ਬੁਝਾ ਨਾ ਸਕੇ।

## ਸ਼ੀਲ ਤੇ ਜਾਤਰੀ

ਸੁਖਿੰਦਰ

ਜਦ ਵੀ ਕੋਈ
ਮੇਰੇ ਸਾਹਵੇਂ
ਸ਼ੀਲਾਂ ਦੀ ਬਾਤ ਪਾਉਂਦਾ ਹੈ
ਤਾਂ ਮੇਰੇ ਜ਼ਿਹਨ ਵਿਚ
ਪੈਂਤੀ ਅੱਖਰੀ ਦਾ ਚੱਕਰ ਘੁੰਮਦਾ ਹੈ
ਤੇ ਮੈਂ, ਮਨ ਦੀ ਤਖ਼ਤੀ 'ਚ ਉਕਰੀਆਂ ਮੇਖਾਂ
ਕੁਲ ਅੱਖਰ ਬਾਹਰ ਕੱਢਦਾ ਹਾਂ
ਤੇ ਸਭ ਦੀ ਚੀਰ ਫਾੜ ਕਰਦਾ ਹਾਂ
ਹਰ ਅੱਖਰ ਦਾ ਅੰਗ ਅੰਗ ਕਰਦਾ ਹਾਂ
ਤੇ ਇੱਕੋ ਜਿਹੇ ਅੰਗ
ਇੱਕੋ ਕਤਾਰ ਵਿੱਚ ਰਖਦਾ ਹਾਂ
ਤੇ ਦੂਰ ਖੜ੍ਹਕੇ ਪਹਿਚਾਣਦਾ ਹਾਂ
ਕਿਹੜਾ ਅੰਗ ਕਿਸ ਅੱਖਰ ਦਾ ਹੈ
ਮੈਨੂੰ ਪਹਿਚਾਣ ਨਹੀਂ ਆਉਂਦੀ
ਹਰ ਅੰਗ ਇੱਕੋ ਜਿਹਾ ਹੈ
ਕਿਸੇ ਵੀ ਸ਼ੀਲ ਵਿੱਚ ਜਾਤਰੀ ਡੁੱਬ ਸਕਦਾ ਹੈ
ਸ਼ੀਲ ਦੇ ਪਾਣੀਆਂ ਦਾ ਰੰਗ ਕੋਈ ਵੀ ਹੋ ਸਕਦਾ ਹੈ
ਹਰ ਸ਼ੀਲ ਨੂੰ ਰਾਹ ਇੱਕੋ ਹੀ ਜਾਂਦਾ ਹੈ
ਹਰ ਸ਼ੀਲ ਇੱਕੋ ਜਿਹੀ ਹੈ
ਹਰ ਸ਼ੀਲ ਨੇ ਸੂਰਜ ਡੀਕ ਲਿਆ ਹੈ
ਹਰ ਸ਼ੀਲ ਪਿਆਸੀ ਹੈ।

## ਅੱਥਰੀ 'ਵਾ

ਲਾਟ ਭਿੰਡਰ

ਕਿਸ ਸੱਖਣੀ ਘੜੀ ਤੈਨੂੰ ਡਿੱਠਾ
ਜਿੰਦ ਰੋਗੀ ਗਈ
ਇਕ ਉਲਝਣ ਦਿਲ ਵਿੱਚ ਆਣ ਬਣੀ
ਇਕ ਪੀੜ ਨੇ ਜਨਮ ਲਿਆ
ਕਈ ਰਾਤਾਂ ਆਈਆਂ
— ਕਾਲੀਆਂ ਤੇ ਬੋਲੀਆਂ ਰਾਤਾਂ
ਪਰ ਕਦੇ ਹਨੇਰਾ ਨਾ ਖਿਸਿਆ
ਦੀਵੇ ਨੇ ਅਜਿਹਾ ਸਾਥ ਦਿੱਤਾ !
ਪਰ ਇਹ ਕਿਹੀ ਹਵਾ ਵਗੀ
'ਦੀਵੇ ਦੀ ਲਾਟ' ਕੰਬੀ
ਚੰਨ-ਚਾਨਣੀ ਰਾਤੇ ਵੀ
ਹਨੇਰਾ ਜਾਪੇ ਤੇ ਜਿੰਦ ਨੂੰ ਡਰਾਵੇ
ਸਾਥੋਂ ਜੀਵਿਆ ਨਾ ਜਾਏ
ਇਸ ਹਨੇਰੇ ਵਿੱਚ
ਕੋਈ ਅੱਥਰੀ 'ਵਾ ਨੂੰ ਜਾ ਆਖੇ
ਇਹ ਨਾ ਵਗੇ !!

## ਦੋ ਕਵਿਤਾਵਾਂ/ਜਸਬੀਰ ਗੁਮ

### 1. ਦੁਬਿਧਾ

ਦੁਬਿਧਾ ਵਿੱਚ ਫਸੇ ਹਾਂ
ਦੱਸਾਂ ਕੀ ਹਾਲ ਸਾਡੇ!
ਬੱਸ ਹੋਰ ਹੰਝੂਆਂ ਤੋਂ ਬਿਨਾਂ
ਕੁਝ ਨਹੀਂ ਨਾਲ ਸਾਡੇ!

ਰੱਬ ਦੀ ਰਜ਼ਾ ਕਹਿਕੇ
ਸਭ ਕੁਝ ਝੱਲਦੇ ਹਾਂ
ਪਹਿਲੇ ਗ਼ਮ ਮੁਕਦੇ ਨਹੀਂ
ਹੋਰ ਆ ਮੱਲਦੇ ਥਾਂ
ਲੋਕਾਂ ਦੀਆਂ ਨਜ਼ਰਾਂ ਵਿੱਚ
ਅਸੀਂ ਕੋਈ ਮੁਜਰਿਮ ਹਾਂ
ਕੁਝ ਕਹਿੰਦੇ ਦੋਸ਼ੀ ਹਾਂ
ਕੁਝ ਕਹਿੰਦੇ ਜ਼ਾਲਮ ਹਾਂ
ਕੁਝ ਕਹਿੰਦੇ ਕੁੱਤਿਆਂ ਵਾਂਗ
ਹੈਨ ਢੰਗ ਚਾਲ ਸਾਡੇ। ਦੁਬਿਧਾ ਵਿੱਚ...... 

ਮੁਫ਼ਤ ਵਿੱਚ ਲੋਕਾਂ ਨੂੰ
ਮੁਜਰਾ ਵਿਖਾਉਂਦੇ ਹਾਂ
ਦਿਲ ਭਾਵੇਂ ਰੋਂਦੇ ਨੇ
ਮੂੰਹ ਤੋਂ ਤਾਂ ਗਾਉਂਦੇ ਹਾਂ
ਡਰ ਦੀ ਲੋਕਾਂ ਤੋਂ
ਇਵੇਂ ਹੀ ਕਹਾਉਂਦੇ ਹਾਂ:
"ਇਹ ਕੋਈ ਮੁਜਰਾ ਨਹੀਂ
ਪਾਉਂਦੇ ਹਨ ਜਾਲ ਸਾਡੇ!" ਦੁਬਿਧਾ ਵਿੱਚ......

ਸਿਰ ਨੂੰ ਲੁਕੋਣ ਲਈ
ਕੁੱਲੀ ਕੋਈ ਲਭਦੀ ਨਹੀਂ
ਕਈ ਵਾਰੀ ਢਿੱਡ ਭਰਨੇ ਲਈ
ਰੋਟੀ ਵੀ ਲਭਦੀ ਨਹੀਂ
ਪਰ ਹੌਸਲਾ ਨਹੀਂ ਛੱਡਦੇ
ਕਹਿ: 'ਰੱਬਾ ਆਸ ਤੁਹਾਡੇ!' ਦੁਬਿਧਾ ਵਿੱਚ......

### 2. ਟਿਮਕਦਾ ਦੀਵਾ

ਹਾਲੇ ਵੀ ਦੀਵਾ ਟਿਮਕਦਾ ਹੈ
ਆਰਜ਼ੀ ਤੇਲ ਵਾਂਗ
ਇਸ ਵਿੱਚ ਦੁੱਖ ਪਾਏ
ਉਹ ਮੁੱਕ ਜਾਏ
ਅਤੇ ਹੁਣ ਇਸਦੇ ਜਲਣ ਲਈ
ਕੋਈ ਦੁਖ ਦਾ
ਕੋਈ ਪੀੜ ਦਾ ਕਤਰਾ ਨਹੀਂ
ਗ਼ਮ ਦੀਆਂ-ਪਲੀਆਂ ਚਾਹੀਦੀਆਂ ਹਨ
ਇਨ੍ਹਾਂ ਦੇ ਮੁੱਕਣ ਨਾਲ
ਆਪਾਂ ਮੁੱਕ ਜਾਵਾਂਗੇ।

## ਜ਼ਿੰਦਗੀ ਦੀ ਤਲਾਸ਼ ਹਰਜਿੰਦਰ ਸ਼ਾਹ

ਬੇਸ਼ੱਕ ਮੇਰੀ ਇਨਸਾਨੀਅਤ ਅੱਜ ਲਾਸ਼ ਹੈ
ਉਸੇ ਜ਼ਿੰਦਗੀ ਦੀ ਪਰ ਮੈਨੂੰ ਅਜੇ ਵੀ ਤਲਾਸ਼ ਹੈ।

ਕੋਈ ਵੀ ਖ਼ੁਸ਼ੀ ਮੇਰੀ
ਕੋਈ ਵੀ ਸਧਰ ਮੇਰੀ
ਮੇਰੀ ਆਪਣੀ ਨਹੀਂ ਹੈ
ਹਰ ਧੜਕਣ ਮੇਰੀ ਉਧਾਰੀ ਹੈ
ਇਕ ਮਾਂਗਵੀਂ ਧਾੜ ਦੇ ਵਾਂਗਰ
ਅਹਿਸਾਸ ਹੁੰਦਾ ਹੈ ਰੋਜ਼ ਆਪਣੇ ਸਾਹਮਣੇ
ਚਲਦੇ ਹੋਏ ਰੋਜ਼ ਵਾਕਿਆਂ ਨੂੰ ਵੇਖ
ਕਿ ਮੇਰੀ ਜ਼ਿੰਦਗੀ ਤਾਂ ਗਿਰਵੀ ਪਈ ਹੋਈ ਹੈ
ਮੈਂ ਵੀ ਇਨ੍ਹਾਂ ਵਾਂਗ
ਜੀਣ ਲਈ ਤਰਲੇ ਕਰ ਰਿਹੈਂ
ਪਰ ਕਿਤੇ... ...
ਇੱਕਲੇ ਇੱਕਲੇ ਸਾਹ ਦੀ ਧੜਕਣ ਨੂੰ
ਮੈਂ ਤੜਪਦੀਆਂ ਰਗਾਂ 'ਚ ਮਾਣਿਆ ਹੈ
ਜ਼ਖ਼ਮ ਜੁੱਸੇ ਤੇ ਜ਼ਖ਼ਮ ਦਿਲ ਨਾਲ
ਮੈਂ ਪਲ ਪਲ ਜੀਵਿਆ ਹਾਂ
ਜਿੱਥੇ ਮੈਂ ਬਹੁਤੇ ਸੁੱਖਾਂ ਤੋਂ ਸੱਖਣਾ ਸੀ
ਪਰ ਬਹੁਤ ਕੁਝ ਫਿਰ ਵੀ ਮੇਰਾ ਆਪਣਾ ਸੀ

ਬੇਸ਼ੱਕ ਮੇਰੀ ਇਨਸਾਨੀਅਤ ਅੱਜ ਲਾਸ਼ ਹੈ
ਉਸੇ ਜ਼ਿੰਦਗੀ ਦੀ ਪਰ ਮੈਨੂੰ ਅਜੇ ਵੀ ਤਲਾਸ਼ ਹੈ!!


**ELITE TAILORS**

4213 MAIN STREET
(BETWEEN 26th & 27th AVENUE)

**Phone 872-2276**

ਕੀ ਤੁਸੀਂ ਆਪਣੇ ਕੱਪੜਿਆਂ ਦੀ ਸਹੀ ਫਿਟਿੰਗ ਚਾਹੁੰਦੇ ਹੋ?
ਆਪਣੇ ਭਰਾਵਾਂ ਦੀ ਆਪਣੀ ਦੁਕਾਨ ਤੇ ਆਓ ਤੇ ਸਸਤੀ ਕੀਮਤ ਤੇ ਸੇਵਾ ਹਾਸਲ ਕਰੋ!
ਸਾਡੇ ਪਾਸੋਂ ਮਰਦਾਵੇਂ ਪੈਂਟ ਸੂਟ ਤੇ ਸ਼ਰਟਾਂ ਦੀ ਬਜ਼ਾਰ ਨਾਲੋਂ ਸਸਤੇ ਮਿਲਦੇ ਹਨ।

**MEN'S PANTS Special $12.95**
Reg. $15.95 to $22.95

Satisfaction guaranteed.
Alterations for mens and ladies

BRING THIS COUPON AD FOR 10% OFF
ALL OUR REGULAR MERCHANDISE

# ਸਵੈ-ਕਥਨ: ਨਦੀ ਕਿਨਾਰੇ ਸੁੱਕਾ ਰੁੱਖ

ਆਪਣੇ ਬਾਰੇ ਕੋਈ ਕੀ ਕੀ ਲਿਖੇ ?

ਆਪਣੇ ਬਾਰੇ ਲਿਖਣਾ ਅਸੰਭਵ ਹੈ ਜਾਂ ਨਹੀਂ ਹੈ- ਕੁਝ ਕਿਹਾ ਨਹੀਂ ਜਾ ਸਕਦਾ। ਲੇਕਿਨ ਇਸ ਮੋੜ ਤੇ ਆਕੇ ਆਪਣੀ ਹੋਂਦ ਇਕ ਰੁੱਖ ਜਿਹੀ ਲੱਗਣ ਲੱਗ ਜਾਂਦੀ ਹੈ: ਜੋ ਬੇਜ਼ੁਬਾਨ ਹੈ ਤੇ ਜਿਸਨੂੰ ਪੁੱਛਿਆ ਜਾਵੇ 'ਤੂੰ ਕੀ ਹੈਂ?'; ਉਤਰ ਵਿੱਚ ਉਸਦੇ ਹਿਲਦੇ ਪੱਤਿਆਂ ਦੀ ਖੜਖੜ 'ਚੋਂ ਜਾਂ ਉਸਦੇ ਵਿਰਲੇ ਪਰਛਾਵਿਆਂ ਤੋਂ, ਜਾਂ ਉਸਦੇ ਭੁਰ ਭੁਰ ਡਿਗਦੇ ਪੱਤਿਆਂ ਤੋਂ ਕੋਈ ਵੀ ਜੋ ਜੀ ਕਰੇ ਅੰਦਾਜ਼ਾ ਲਾ ਲਵੇ- ਪਰ ਇਹ ਹੋਂਦ ਤੇ ਇਸ ਦੇ ਨਾਲ ਵਾਪਰੀਆਂ ਘਟਨਾਵਾਂ ਜਦੋਂ ਮਾਨਸ ਜ਼ਾਤ ਨਾਲ ਸੰਬੰਧਤ ਹੋਣ...

ਕਦੇ ਖ਼ੁਸ਼ੀ ਨੇ, ਕਦੇ ਗ਼ਮੀ ਨੇ, ਕਦੇ ਕਿਸੇ ਰੂਹ ਦੇ ਵਿਛੋੜੇ ਨੇ ਇਸ ਹੋਂਦ ਨੂੰ ਹਲੂਣਿਆ ਤਾਂ ਆਪ ਮੁਹਾਰੇ ਹੀ ਇਹ ਕਵਿਤਾ ਦੇ ਬੋਲਾਂ ਵਿੱਚ ਢਲ ਤੁਰੀ। ਰੱਬ ਜਾਣੇ ਇਹ ਵਹਾ ਕੀ ਨੇ- ਕਦੇ ਕਦੇ ਬੜੇ ਪਿਆਰੇ ਲਗਦੇ ਨੇ। ਪਰ ਇਹ ਜਜ਼ਬਾਤ ਕੋਈ ਸਦੀਵੀ ਨਹੀਂ, ਓਵੇਂ ਹੀ ਜਿਵੇਂ ਨਦੀ ਦੇ ਪਾਣੀ ਦਾ ਵਹਾ ਇਕੋ ਨਹੀਂ ਰਹਿੰਦਾ। ਓਵੇਂ ਇਹ ਵਹਾ ਅਸਲੀਅਤ ਹਨ ਅਤੇ ਕਿਸੇ ਮੌਕੇ ਤੇ ਕਿਸੇ ਖ਼ਾਸ ਵਕਤ ਨਾਲ ਜੁੜ ਜਾਂਦੇ ਹਨ। ਕਈ ਅਜਿਹੇ ਹਨ ਜੋ ਹਮੇਸ਼ਾ ਲਈ ਨਦੀ ਦੇ ਕੰਢਿਆਂ ਨੂੰ ਕੋਈ ਤਸੱਲੀ ਦੇ ਜਾਂਦੇ ਹਨ ਜਾਂ ਉਨ੍ਹਾਂ ਦੇ ਸੀਨੇ ਕੰਕਰ ਛੱਡ ਜਾਂਦੇ ਹਨ। ਜੇ ਕਦੇ ਇਨ੍ਹਾਂ ਵਹਿਣਾਂ ਦੀ ਇਕ ਛੱਲ ਵੀ ਕਿਸੇ ਨੂੰ ਆਪਣੇ ਜਜ਼ਬਾਤ ਦਾ ਪ੍ਰਮਾਣ ਲੱਗੇਗੀ ਤਾਂ ਮੈਂ ਸਮਝਾਂਗੀ- ਮੈਂ ਸੱਚ ਹਾਂ, ਮੇਰੀ ਹੋਂਦ ਸੱਚ ਹੈ, ਮੇਰੇ ਖ਼ਿਆਲਾਂ ਦਾ ਵਹਾ ਸੱਚ ਹੈ।

ਬੱਸ! ਏਸੇ ਸਫਰ ਨਾਲ ਲਿਖ ਰਹੀ ਹਾਂ... ...ਇਹ ਖ਼ਿਆਲ

– ਹਰਮਿੰਦਰ WATERLOO, ONTARIO

## 1. ਕੁਦਰਤ

ਕੁਦਰਤ ਦੇ ਕਮਾਲ ਕੀ ਆਖਾਂ
ਹਰ ਜ਼ੱਰੇ 'ਚ ਸੰਸਾਰ ਵਸਾਇਆ ਹੈ।

ਅਸਮਾਨ ਦੀ ਹੋਂਦ ਸੀ ਸੁੰਨੀ
ਚੰਦ ਤਾਰਿਆਂ ਦੀ ਬਰਾਤ ਲੈ ਆਇਆ ਹੈ।

ਰਾਤ ਦੀ ਖ਼ਾਮੋਸ਼ੀ ਦੇ ਜ਼ਖ਼ਮ ਅੱਲੇ
ਰੌਸ਼ਨੀ ਨੇ ਆ ਸਹਿਲਾਇਆ ਹੈ।

ਬਾਗਾਂ 'ਚ ਛਾਇਆ ਸੀ ਸੰਨਾਟਾ
ਠੰਢੀਆਂ ਹਵਾਵਾਂ ਨੇ ਰਾਗ ਸੁਣਾਇਆ ਹੈ।

ਧਰਤੀ ਦੀ ਹਿੱਕ ਸੀ ਸੁੰਨੀ
ਪਰਛਾਵਿਆਂ ਨੇ ਆ ਸਜਾਇਆ ਹੈ।

## 2. ਫ਼ਕੀਰਾਂ ਦੀ ਝੋਲ

ਕਿਉਂ ਮੁੱਦਤਾਂ ਦੀ ਗੱਲ ਛੇੜੀ
ਇੱਕੋ ਪਲਾਂ ਨੇ ਸਾਨੂੰ ਰੁਲਾਇਆ ਹੈ।

ਮੀਲਾਂ ਦੇ ਪੈਂਡੇ ਕਿਉਂ ਮਾਪੇ
ਪਹਿਲੇ ਕਦਮ ਨੇ ਹੀ ਗਿਰਾਇਆ ਹੈ।

ਵਕਤ ਅੰਦਾਜ਼ ਨੇ ਕਹਿਰ ਕੀਤਾ
ਹਰ ਬੂੰਦ ਨੂੰ ਪਿਆਸ ਬਣਾਇਆ ਹੈ।

ਸਰਗੋਸ਼ੀਆਂ ਤਾਂ ਦੂਰ ਰਹੀਆਂ
ਅੱਜ ਹੋਸ਼ ਨੇ ਆਪਾ ਭੁਲਾਇਆ ਹੈ।

ਅਸੀਂ ਫ਼ਕੀਰਾਂ ਦੀ ਝੋਲ ਦਾ ਕੀ ਕਹੀਏ
ਫਟਿਆ ਦਾਮਨ ਖ਼ੈਰਾਤ 'ਚ ਪਾਇਆ ਹੈ।

## 3. ਪਰਛਾਈ

ਤਾਰਿਆਂ ਭਰੀ ਹੈ ਰਾਤ
ਚੰਦ ਵੀ ਹੈ ਸ਼ਾਂਤ
ਕਿਧਰੇ ਕਿਧਰੇ ਕੋਈ ਬਦਲੀ
ਤੈਰ ਰਹੀ ਹੈ ਵਿੱਚ ਹਵਾ।

ਕੋਹਾਂ ਮੀਲਾਂ ਲੰਬਾ ਸਾਗਰ
ਚੁੱਪ ਜਿੱਥੇ ਹੈ ਛਾਈ
ਕੋਈ ਨਹੀਂ ਹੈ ਮਾਂਝੀ ਇੱਥੇ
ਨਾ ਲਹਿਰਾਂ ਦੇਣ ਦੁਹਾਈ।

ਚੁੱਪਚਾਪ ਕੋਈ ਪਰਛਾਈ
ਸਾਗਰ ਕੰਢੇ ਉਠਦੀ
ਹੌਲੇ ਹੌਲੇ ਕਦਮ ਪੁਟੇਂਦੀ
ਅੰਧੇਰੇ ਵਿੱਚ ਸਮਾ ਜਾਂਦੀ।

ਛੋਟੀਆਂ ਵੱਡੀਆਂ ਚੱਟਾਨਾਂ ਨਾਲ
ਜਦੋਂ ਲਹਿਰਾਂ ਆ ਆ ਵੱਜਣ
ਨੀਲਾ ਨੀਲਾ ਪਾਣੀ
ਚਿੱਟਾ ਹੋ ਹੋ ਜਾਵੇ।

ਕੰਢੇ ਕੰਢੇ ਛੋਟੇ ਛੋਟੇ ਟੋਏ
ਕਿਧਰੇ ਕਿਧਰੇ ਬੂਟੇ
ਜਦ ਪਾਣੀ ਛੂਹੇ ਇਨ੍ਹਾਂ ਸੰਗ
ਲੋਹੜੇ ਦੇ ਸੁਰ ਕੱਢੇ।

ਇਸ ਦੀ ਖਲਬਲ ਖਲਬਲ ਅੰਦਰ
ਓਹ ਪਰਛਾਈ ਗੁਆਚ ਜਾਂਦੀ
ਦੂਰ ਕਿਧਰੇ ਕਿਨਾਰੇ ਤੇ
ਓਹ ਅੱਖਾਂ ਮੀਟ ਕੇ ਤੁਰੀ ਹੈ ਜਾਂਦੀ।

ਇਹ ਰਾਤ ਚਾਨਣੀ
ਇਹ ਸਾਗਰ ਦੀ ਗਹਿਰਾਈ
ਸੰਨਾਟਾ ਹੈ ਚਾਰੇ ਪਾਸੇ
ਇਕ ਪਰਛਾਈ ਤੇ ਉਸਦੀ ਤਨਹਾਈ।




**REG. 129.00**

**SALE 95.00**

(With This Ad)

BINATONE SPEAKERS
INSTALLATION EXTRA

***From Nov. 15-Dec. 15***

# THE VIDEO SHOP

**6669 MAIN STREET, VANCOUVER, B.C.**

**BUS. 321-1333**
**RES. 325-9679**

---

GREAT SHOW OF WEDDING SAREES

# FRONTIER CLOTH HOUSE

*(Wholesalers, Retailers and Importers)*

*6672 MAIN STREET*
*VANCOUVER, B.C.*

Bus.: 325-4424
Res.: 324-5156

***We Have Quality As Well As Quantity!***

SPECIALISTS IN:
India Suits, Sarees, Lehngas, Capes, Hars, and
other Indian Goods.

Japanese printed and plain sarees and suits, British cardigans, shirts, ladies' suits and children's clothes.

**HEAD OFFICE: NEW FRONTIER CLOTH HOUSE**
**PHAGWARA (PANJAB)**
**INDIA**

**Phone 2373**

Manager Vancouver Branch
SUSHIL BATRA

Phone: 325-4424



# ਸਫ਼ਰ

ਸ਼ਿਵ ਕੁਮਾਰ ਬਟਾਲਵੀ

ਹੁਣੇ ਸਰਘੀ ਦੀ 'ਵਾ ਨੇ
ਪੰਛੀਆਂ ਦਾ ਬੋਲ ਪੀਤਾ ਹੈ
ਤੇ ਜਾਗੀ ਬੀੜ ਨੇ
ਤੇਰੇ ਨਾਮ ਦਾ ਇਕ ਵਾਕ ਲੀਤਾ ਹੈ
ਮੈਂ ਅੱਜ ਤੇਰੇ ਗੀਤ ਤੋਂ ਤਲਵਾਰ ਤੱਕ ਦਾ
ਸਫ਼ਰ ਕੀਤਾ ਹੈ

ਮੈਨੂੰ ਤੇਰੇ ਗੀਤ ਤੋਂ
ਤਲਵਾਰ ਤੱਕ ਦਾ ਸਫ਼ਰ ਕਰਦੇ ਨੂੰ
ਅਜਬ ਜਹੀ ਸ਼ਰਮ ਆਈ ਹੈ
ਅਜਬ ਜਹੀ ਪਿਆਸ ਲੱਗੀ ਹੈ
ਤੇ ਮੈਂ ਤੇਰੇ ਗੀਤ ਦੇ ਸਾਹਵੇਂ
ਨਮੋਸ਼ੀ ਝੱਲ ਅੱਡੀ ਹੈ

ਤੈਨੂੰ ਤੇਰੇ ਗੀਤ ਤੋਂ
ਤਲਵਾਰ ਤੱਕ ਦਾ ਸਫ਼ਰ ਕਰਦੇ ਨੂੰ
ਪੂਰੇ ਦਸ ਜਨਮ ਲੱਗੇ ਸੀ
ਮੈਨੂੰ ਇੱਕ ਪਲ ਹੀ ਲੱਗਾ ਹੈ
ਤੇ ਇਹੋ ਸੁਲਗਦਾ ਪਲ ਹੀ
ਮੈਨੂੰ ਮੇਰੀ ਉਮਰ ਲੱਗਾ ਹੈ

ਮੈਂ ਅੱਜ ਦਾ ਸਫ਼ਰ
ਤੇਰੇ ਵਾਕ ਦੇ, ਜਦ, ਸਾਥ ਵਿਚ ਛੋਹਿਆ
ਸਦੀਵੀ ਭਟਕਣਾ ਲੈ ਕੇ
ਜਦੋਂ ਤੇਰੇ ਸਾਹਮਣੇ ਹੋਇਆ
ਮੈਂ ਤੇਰੇ ਸੂਰਜੀ ਚਿਹਰੇ ਦੀ ਧੁੱਪ ਵਿਚ
ਸ਼ਰਮ ਥੀਂ ਮੋਇਆ
ਮੈਂ ਆਪਣੇ ਨਗਨ ਪਰਛਾਵੇਂ ਦੀ ਛਾਵੇਂ
ਬੈਠ ਕੇ ਰੋਇਆ
ਤੇ ਖੰਡਰਾਂ ਵਾਂਗ ਚੁੱਪ ਹੋਇਆ

ਮੈਂ ਤੇਰੇ ਗੀਤ ਦੇ ਹਰਫ਼ਾਂ ਦੇ
ਚੁੱਪ ਜੰਗਲ ਚੋਂ ਜਦ ਲੰਘਿਆ
ਮੈਨੂੰ ਅਰਥਾਂ ਨੇ ਆ ਡੰਗਿਆ
ਮੇਰੇ ਮੂੰਹ ਵਿਚ ਗਊ ਦਾ ਮਾਸ
ਮੇਰੇ ਪਟ ਥੀਂ ਸੰਗਿਆ
ਤੇ ਮੇਰੇ ਦੰਭ ਦਾ ਬਾਬਰ
ਅਨਿਸ਼ਚਿਤ ਖ਼ੌਫ ਥੀਂ ਕੰਬਿਆ

ਮੈਂ ਜਦ ਜੰਗਲ ਦੀ ਸੰਘਣੀ ਚੁੱਪ
ਲੰਘਕੇ ਸ਼ਹਿਰ ਵਿੱਚ ਆਇਆ
ਮੈਂ ਆਪਣੇ ਸ਼ੋਰ ਤੋਂ ਡਰਿਆ
ਦਿਨੇ ਹੀ ਘਰ ਪਰਤ ਆਇਆ
ਮੈਂ ਘਰ ਆ ਕੇ ਪਹਿਲ ਵਾਰੀ
ਤੇਰਾ ਅੱਜ ਅਰਥ ਲੱਭਿਆ ਹੈ
ਤੇ ਆਪਣਾ ਦੰਭ ਕੱਜਿਆ ਹੈ
ਮੇਰੇ ਦਿਲ ਵਿੱਚ ਪਈ ਤਲਵਾਰ ਨੂੰ
ਛਹੁ ਜ਼ੰਗ ਲੱਗਿਆ ਹੈ
ਮੇਰੇ ਦਿਲ ਵਿੱਚ ਪਈ ਤਲਵਾਰ ਨੂੰ
ਖਹੁ ਜ਼ੰਗ ਲੱਗਿਆ ਹੈ।

# ਦੋ ਕਵਿਤਾਵਾਂ

ਤਾਰਾ ਸਿੰਘ

## ਤੁਸੀਂ ਪੁੱਛਦੇ ਹੋ ਮੈਨੂੰ

ਤੁਸੀਂ ਪੁੱਛਦੇ ਹੋ ਮੈਨੂੰ —
ਤੇਰੀਆਂ ਅੱਖੀਆਂ 'ਚ ਪਰਛਾਵਾਂ ਜਿਹਾ ਕਿਸ ਦਾ ?
ਤੇਰੀਆਂ ਪਲਕਾਂ 'ਤੇ ਅਧ-ਜਿਸਮੇ ਜਿਹੇ ਲਟਕੇ ਹੋਏ ਅੱਥਰੂ ?
ਤੇਰੇ ਨੈਣਾਂ ਨੂੰ ਕੀ ਹੋਇਆ ?
ਤੇਰੇ ਨੈਣਾਂ 'ਚ ਅਸਤੇ ਸੂਰੀਜ ਦਾ ਇਕ ਭੁੱਚਕ ਦਿਸਦੈ !
ਚੱਟਾਕ ਬਲਦਾ ਹੈ।
ਇਹ ਕਿਉਂ ਬਲਦਾ ਹੈ ਸੂਰਜ ਦੀ ਚਿਤਾ ਵਾਂਗੂੰ ?
ਮੈਂ ਕਹਿੰਦਾ ਹਾਂ —
ਮੈਂ, ਮਰ ਜਾਣਾ ਜੁ ਹੋਇਆ।

ਤੁਸੀਂ ਪੁੱਛਦੇ ਹੋ ਮੈਨੂੰ —
ਜੀਭ ਤੇਰੀ ਮਹਿਫਲਾਂ ਵਿਚ —
ਸੱਚ ਦਾ ਕਿਉਂ ਜ਼ਹਿਰ ਵੰਡਦੀ ਹੈ ?
ਕਿਉਂ ਆਪਣੇ, ਪਰਾਏ —
ਸਭ ਨੂੰ ਸੱਚ ਦੀ ਤਪਸ਼ ਦੇ ਕੇ ਝੁਲਸਦਾ ਫਿਰਦੈਂ ?
ਟਵਜ਼ ਵਿਚ ਤੂੰ ਕਿਉਂ ਵਿਹਾਜੇਂ ਤੜਫਦੇ ਗੰਦੇ ਸ਼ਬਦ ?
ਕਿਉਂ ਨਹੀਂ, ਦਸ —
ਸਾਂਭ ਕੇ ਰਖਦਾ ਤੂੰ ਨੰਗੇ ਸਚ ਦੀ ਝਿਲਮਿਲ ਕਟਾਰ ?
ਤੇਰੇ ਧੀਰਜ ਨੂੰ ਕੀ ਹੋਇਆ ?

ਮੈਂ ਕਹਿੰਦਾ ਹਾਂ —
ਬੜੀ ਕਾਹਲੀ ਹੈ ਮੈਨੂੰ —
ਮੈਂ ਮਰ ਜਾਣਾ ਜੁ ਹੋਇਆ।

ਤੁਸੀਂ ਪੁੱਛਦੇ ਹੋ ਮੈਨੂੰ —
ਖੋਖਲੇ ਹਾਸੇ ਕਿਉਂ ਵੰਡਦਾ ਏਂ ਤੂੰ ?
ਵੇਸਵਾ ਜਿਹੀ ਗਾਲ੍ਹ ਪਿਛੇ ਦਰਦ ਦੀ ਹਲਕੀ ਲਕੀਰ ?
ਕਿਉਂ ਕਰਾਰੇ, ਚਟਖਦੇ ਵਾਕਾਂ 'ਚ ਦਿਲਜੋਈ ਜਿਹੀ ?
ਦੋਜ਼ਖਾਂ ਵਿਚ ਝਾਕਦੇ ਨੈਣਾਂ 'ਚ ਪਰਛਾਵਾਂ ਜਿਹਾ !
ਕਿਉਂ ਮਹਿਫ਼ਲ 'ਚ ਬੈਠਾ ਵੀ ਤੂੰ ਅਧ-ਹਾਜ਼ਰ ਨਹੀਂ ਹੁੰਦਾ ?
ਤੇਰੇ ਚੇਤਨ ਨੂੰ ਕੀ ਹੋਇਆ ?

ਮੈਂ ਕਹਿੰਦਾ ਹਾਂ —
ਮੈਂ ਮਰ ਜਾਣਾ ਜੁ ਹੋਇਆ !

## ਮਸੀਹਾ

ਦੋਸਤਾ !
ਸੰਗੀਨ ਜਹੀ ਇਕ ਗਾਲ੍ਹ ਦੇਹ ਮੈਨੂੰ
ਕਿ ਨੀਰਸ ਮੁੱਦਤਾਂ ਦੀ ਦੋਸਤੀ ਦਾ ਅੰਤ ਹੋ ਜਾਏ।

ਜਦੋਂ, ਤੂੰ ਮੈਂ, ਕਦੇ ਮਿਲਦੇ ਹਾਂ,
ਇਕ ਦੂਜੇ ਤੋਂ ਡਰਦੇ ਹਾਂ !
ਪਤਾ ਹੁੰਦਾ ਹੈ —
ਇਕ ਦੂਜੇ ਤੋਂ ਸੁਖ ਪੁੱਛਣੀ ਹੈ ਦੋਹਾਂ ਨੇ !

ਸੁਆਦੋਂ ਸੱਖਣੇ
ਸੁਆਂਗੀ ਜਿਹੇ ਬੋਲਾਂ ਦੇ ਨਾਤੇ ਦਾ
ਸਮੁੱਚੇ ਮੈਂ
ਮੇਰੇ ਸਮਿਆਂ
ਜਨਾਜ਼ਾ ਰੋਜ਼ ਢੋਇਆ ਹੈ !

ਮੇਰਾ, "ਮੈਂ" ਮਰ ਗਿਆ ਹੈ
ਓ ਮਸੀਹਾ !
ਜ਼ਿੰਦਗੀ ਦੇ ਦੇ !

# ਤਿੰਨ ਕਵਿਤਾਵਾਂ

ਰਮਿਸ਼ਨੀਦ

### ਕੌਮੀ ਨੇਤਾ

ਉਹ ਜੋ ਕੁੱਝ ਕਹਿੰਦੇ ਹਨ
ਕਰਦੇ ਨਹੀਂ —
ਤੇ ਜੋ ਕੁੱਝ ਕਰਦੇ ਹਨ
ਦਸਦੇ ਨਹੀਂ —।

•

### ਦੋਸਤੀ

ਉਹ ਜਦ ਵੀ
ਮੇਰੇ ਕੋਲੋਂ ਗਿਆ ਹੈ
ਅੱਧਾ ਹੋ ਕੇ ਵਿਛੜਿਆ ਹੈ।
ਉਹ ਜਦ ਵੀ ਮੈਨੂੰ ਦਿਸਿਆ ਹੈ
ਦੂਣਾ ਹੋ ਕੇ ਮਿਲਿਆ ਹੈ।

•

### ਬੇਰੁਜ਼ਗਾਰ

ਸਿਰ ਫਿਰਿਆ ਕੋਈ
ਬੱਬਾ ਕਾਗ਼ਜ਼ ਚੁੱਕੀ
ਧਰਤੀ ਉੱਤੇ 'ਏਦਾਂ ਤੁਰਦਾ
ਸੜਕ ਜਿਸ ਤਰ੍ਹਾਂ
ਜਿਸਮ ਉਦ੍ਹੇ 'ਚੋਂ' ਲੰਘੇ...।

ਮੰਡੀ ਆਇਆ ਤੇ ਨਵੇਂ ਸਿਨਮੇ ਵਿਚ ਫਿਲਮ ਵੇਖਣ ਚਲਿਆ ਗਿਆ। ਆਥਣੇ ਜਦੋਂ ਥੱਸ ਤੇ ਪਿੰਡ ਆਇਆ ਤਾਂ ਤੌਰ ਹੀ ਬਦਲੇ ਹੋਏ ਸਨ। (ਸ਼ਾਇਦ ਅੰਗਰੇਜ਼ੀ ਦਾਰੂ ਵੀ ਪੀਤੀ ਸੀ। ਜਦੋਂ ਦੇ ਉਹ ਵੱਡੇ ਭਾਈ ਨਾਲੋਂ ਅੱਡ ਹੋਏ ਸਨ, ਉਹਨੂੰ ਜਾਪਦਾ ਸੀ ਮੌਜਾਂ ਬਣ ਗਈਆਂ ਸਨ। ਨਾ ਕੋਈ ਟੋਕਣ ਵਾਲਾ ਸੀ, ਨਾ ਵਰਜਣ ਵਾਲਾ । ਜਿੱਧਰ ਚਿੱਤ ਮੰਨੇ ਜਾਓ, ਜਦੋਂ ਜੀਅ ਕਰੇ ਮੁੜੋ !) ਵੱਡਾ ਬੂਹਾ ਲੰਘਦਿਆਂ ਈ ਉਹ ਮੁੰਨੋਂ ਵਲ ਵੇਖ ਕੇ ਮੁਸਕਰਾਇਆ ਤੇ ਕੋਠੜੀ ਅੰਦਰ ਜਾ ਵੜਿਆ। ਸਾਗ ਮੂਹਰੇ ਅੱਗ ਡਾਹੁੰਦੀ ਤੇ ਭਤੀਜੇ ਲਈ ਸੁਆਟਰ ਬੁਣਦੀ ਮੁੰਨੋਂ ਹੈਰਾਨ ਹੋਈ ਉਠ ਕੇ ਉਹਦੇ ਮਗਰ ਗਈ ਤਾਂ ਉਹ ਅੰਦਰ ਜਾ ਕੇ ਮੰਜੇ ਤੇ ਲੇਟ ਗਿਆ ਸੀ।

'ਕੀ ਗੱਲ, ਅਜ ਹੈਂਅ ਆ ਕੇ ਪੈ ਗਿਆ ?' ਉਹਨੇ ਕੋਲ ਜਾ ਕੇ ਪੁੱਛਿਆ।

'ਐਵੇਂ ?'

ਉਹਨੇ ਪਿਛਾਂਹ ਧੌਣ ਭੁਆ ਕੇ ਮੁੰਨੋਂ ਵਲ ਤੱਕਿਆ ਤੇ ਆਪਣੀ ਸੱਜਰੀ ਲਪਰਾਈ ਦਾੜ੍ਹੀ ਮੁੱਛਾਂ ਉੱਤੇ ਹੱਥ ਫੇਰਦਿਆਂ ਮੁਸਕਰਾਈ ਗਿਆ। ਪਰ ਮੁੰਨੋਂ ਨੂੰ ਸਮਝ ਨਾ ਆਈ ਕਿ ਵਿਚੋਂ ਗੱਲ ਕੀ ਸੀ : ਇਂਜ ਚੁੱਪ-ਚੁਪੀਤਾ ਉਹ ਕਿਉਂ ਅੰਦਰ ਆ ਪਿਆ ਸੀ ? ਪਾਲਸ਼ ਕਰਾਈ ਗੁਰਗਾਬੀ, ਨਿਕ-ਸੁਕ ਨਾਲ ਭਰਿਆ ਮੋਰਨੀਆਂ ਵਾਲਾ ਝੋਲਾ ਤੇ ਮਾਵਾ ਲੁਆ ਕੇ ਬੰਨ੍ਹੀ ਪੱਗ ਵੇਖ ਕੇ ਤਾਂ ਸਭ ਕੁਝ ਠੀਕ-ਠਾਕ ਲਗਦਾ ਸੀ।

ਮੰਜੇ ਦੀ ਬਾਹੀ ਉਤੇ ਬੈਠ ਕੇ, ਉਹਦੀਆਂ ਅੱਖਾਂ ਵਿਚ ਸਿਧੀ ਤਕਦਿਆਂ, ਉਹਨੇ ਵੀ ਮੁਸਕਰਾ ਕੇ ਪੁਛਿਆ, 'ਮੰਡੀਓਂ ਕਿਸੇ ਤੋਂ 'ਇਜ਼ਤ' ਤਾਂ ਨ੍ਹੀ ਕਰਾ-ਕੇ ਆਇਆ ਕਿਤੇ ?'

'ਨਹੀਂ।' ਕਹਿ ਕੇ ਉਹਨੇ ਸਿਰ ਹਿਲਾਇਆ ਤੇ ਓਵੇਂ ਮੁਸਕਰਾਉਂਦਾ, ਖੱਬੇ ਪਾਸੇ ਕੰਧ ਵਲ ਝਾਕਣ ਲਗ ਪਿਆ।

ਉਹਦਾ ਸੁਭਾ ਹਸੌਂਦੜ ਹੋਣ ਕਰਕੇ ਮੁਸਕੜੀਏ ਤਾਂ ਉਂਜ ਈ ਹਸਦਾ ਰਹਿੰਦਾ ਸੀ, ਅਜ ਵਾਂਗ ਕਦੇ ਵੀ ਚੁਪ-ਗੜੁਪ ਨਹੀਂ ਸੀ ਹੋਇਆ। ਇਸੇ ਕਰਕੇ ਉਹ ਰਤਾ ਘਬਰਾਈ। ਮੂੰਹ ਨੇੜੇ ਮੂੰਹ ਕੀਤਾ ਤਾਂ ਸ਼ਰਾਬ ਦੀ ਹਵਾੜ ਸੁੰਘ ਕੇ ਉਹਦਾ ਸ਼ੱਕ ਹੋਰ ਵਧ ਗਿਆ । ਫੇਰ ਆਪ ਹੀ ਉਹਨੂੰ ਇਹ ਸ਼ਕ ਨਿਰਮੂਲ ਜਾਪਿਆ । ਉਸ ਸਲਾਈਆਂ ਅਤੇ ਉੱਨ ਪੁਆਂਦੀ ਰੱਖ ਕੇ, ਉਹ-ਦੀਆਂ ਦੋਹਾਂ ਕੱਛਾਂ ਵਿਚ ਹੱਥ ਪਾ ਕੇ ਕੁਤਕੁਤਾੜੀਆਂ ਕਢਦਿਆਂ ਕਿਹਾ, 'ਜੇ ਗੱਲ ਕੋਈ ਨ੍ਹੀਂ ਤਾਂ ਫੇਰ ਐਂ ਮੂੰਹ ਕਿਉਂ ਘਸੁੰਨ ਅਰਗਾ ਕੀਤੈ—ਬੋਲਿਆ ਨ੍ਹੀ ਜਾਂਦਾ ਚੱਜ ਨਾਲ ?'

ਪਰ ਉਹਨੇ ਮੁੰਨੋਂ ਦੇ ਹੱਥ ਫੜ ਕੇ ਉਹਨੂੰ ਵਰਜਦਿਆਂ, ਤੇ ਉਂਜ ਈ ਕੰਧ ਵਲ ਤਕਦਿਆਂ ਕਿਹਾ, 'ਨਾ ਨਾ, ਐਂ ਚੌੜ ਨਾ ਕਰ ।'

ਉਹਦਾ ਸ਼ਕ ਹੋਰ ਵਧ ਗਿਆ। ਦਿਲ ਧੜਕਦਾ ਲਗਿਆ । ਅਕਸਰ ਉਹ ਵਿਹੜੇ ਦਾ ਵੱਡਾ ਬੂਹਾ ਲੰਘਦਿਆਂ ਈ ਉਹਨੂੰ ਵੇਖ ਕੇ ਪਹਿਲਾਂ ਸਿਹਲੀਆਂ ਮਾਰਦਾ ਤੇ ਫੇਰ ਕੋਈ ਨਾ ਕੋਈ ਅਜਿਹੀ ਗੱਲ ਕਰਦਾ ਕਿ ਮੁੰਨੋਂ ਦੀ ਮੱਲੋਮੱਲੀ ਹਾਸੀ ਨਿਕਲ ਜਾਂਦੀ। ਜਦੋਂ ਦੇ ਉਹ ਅੱਡ ਹੋਏ ਸਨ ਓਦੋਂ ਦਾ ਤਾਂ ਉਹ ਵਧੇਰੇ ਈ ਖੁਸ਼ ਰਹਿਣ ਲਗ ਪਿਆ ਸੀ। ਪਰ ਅਜ ਹੋਇਆ ਕੀ ਸੀ ?

ਬਾਹਰੋਂ, ਸਾਗ ਉਬਲ ਕੇ ਚੁਲ੍ਹੇ ਵਿਚ ਪਾਣੀ ਪੈਣ ਕਰਕੇ 'ਸ਼ੂੰ-ਸ਼ੂੰ' ਹੁੰਦੀ ਸੁਣੀਂ ਤੇ ਬੁਝੀਆਂ ਲੱਕੜਾਂ ਦਾ ਧੂੰਆਂ ਉਤਾਂਹ ਚੜ੍ਹਿਆ। ਉਹ ਭਜ ਕੇ ਬਾਹਰ ਆ ਗਈ । ਸਾਗ ਦਾ ਪਾਣੀ ਸੁਤ ਕੇ ਬੁਝੀ ਅੱਗ ਬਾਲਣ ਪਿਛੋਂ, ਚਿੰਦ ਦਾ ਚਿੰਦ ਪੀੜ੍ਹੀ ਉਤੇ ਬੈਠੀ ਸੋਚਦੀ ਰਹੀ। ਫੇਰ ਚਾਣਚਕ ਉਹਨੂੰ ਮੋਰਨੀਆਂ ਵਾਲੇ ਝੋਲੇ ਦਾ ਖਿਆਲ ਆਇਆ ਤੇ ਅੰਦਰ ਜਾ ਕੇ ਝੋਲਾ ਫਰੋਲਣ ਲਗ ਪਈ।

'ਅਜ ਐਨਾ ਕੁਝ ਕੀ ਲਿਆਂਦੈ ਇਹਦੇ 'ਚ—ਹੈਂ ?' ਕਈ ਨਿੱਕੇ ਨਿੱਕੇ ਲਫਾਫੇ ਤੇ ਸਾਬਣ ਦੀਆਂ ਚਿਤਰ-ਮਿਤਰੀਆਂ ਡਬੀਆਂ ਕਢ ਕੇ ਟਾਂਡ ਉਤੇ ਰਖਦਿਆਂ, ਉਹਨੇ ਪਹਿਲਾਂ ਨਾਲੋਂ ਵੀ ਵਧ ਹੈਰਾਨ ਹੋ ਕੇ ਪੁਛਿਆ । ਪਰ ਉਹ ਫੇਰ ਵੀ ਕੁਝ ਨਹੀਂ ਬੋਲਿਆ।

ਉਹ ਪੁੜੀਆਂ ਤੇ ਨਿੱਕੇ ਲਫਾਫੇ ਖੋਹਲ ਖੋਹਲ ਵੇਖਣ ਲਗ ਪਈ। ਇਕ ਪੁੜੀ ਵਿਚ ਤਾਂ ਤਿੰਨ-ਚਾਰ ਲਾਲ ਰੰਗ ਦੀਆਂ ਬਿੰਦੀਆਂ ਸਨ ਤੇ ਦੂਜੀ ਵਿਚ ਰੰਗ-ਬਰੰਗੇ ਸਤਾਰੇ । ਤੀਜੇ ਲਫਾਫੇ ਵਿਚ ਉਂਜ ਈ ਰੰਗ ਜਿਹਾ ਸੀ। ਇਕ ਵੱਡੇ ਲਫਾਫੇ ਵਿਚੋਂ ਨਿਗਰ ਡੱਬਾ ਕਢ ਕੇ ਵੇਖਿਆ, ਉਸ ਉਤੇ ਇਕ ਅਧਨੰਗੀ ਤੀਵੀਂ ਦੀ ਤਸਵੀਰ ਬਣੀ ਹੋਈ ਸੀ। ਤੀਵੀਂ ਇਕ ਪਾਊਡਰ ਦਾ ਲੰਮਾ ਸਾਰਾ ਡੱਬਾ ਆਪਣੇ ਮੋਢਿਆਂ ਉਤੇ ਉਲਟਾ ਰਹੀ ਸੀ, ਤੇ ਉਹਦੇ ਨੰਗੇ ਮੋਢਿਆਂ ਦੁਆਲੇ ਰੰਗ-ਬਰੰਗੇ ਫੁੱਲਾਂ ਦੇ ਹਾਰ-ਜਿਹੇ ਬਣੇ ਹੋਏ ਸਨ। ਤੀਵੀਆਂ ਦੀਆਂ ਮੋਟੀਆਂ ਮੋਟੀਆਂ ਅੱਖਾਂ ਵਲ ਵਿੰਹਦਿਆਂ ਉਹਨੂੰ ਤੀਵੀਂ ਦਿਆਂ ਵਾਲਾਂ ਵਿਚੋਂ ਭਿੰਨੀ ਭਿੰਨੀ ਮਹਿਕ ਆਉਂਦੀ ਜਾਪੀ ਤੇ ਪਲ ਦਾ ਪਲ ਕੋਠੜੀ ਦੀਆਂ ਕੰਧਾਂ ਵਿਚੋਂ ਵੀ ਖੁਸ਼ਬੋ ਆਉਂਦੀ ਲਗੀ...ਪਰ ਚਿੰਦ ਕੁ ਪਿਛੋਂ ਉਹੋ ਤੀਵੀਂ ਡੈਣ ਵਰਗੀ ਲੱਗੀ ਜਿਵੇਂ ਅੱਖਾਂ ਕਢਦੀ ਉਹਨੂੰ ਖਾਣ ਨੂੰ ਆ ਰਹੀ ਹੋਵੇ। ਉਹਨੇ ਉਸੇ ਵੇਲੇ ਬਿਨਾਂ ਖੋਹਲਿਆਂ, ਡੱਬਾ ਮੁੜ ਟਾਂਡ ਉਤੇ ਰੱਖ ਦਿਤਾ। ਹੋਰ ਕਈ ਲਫਾਫੇ ਸਨ, ਪਰ ਉਹਨੇ ਬਿਨਾ ਫਰੋਲੇ ਈ ਝੋਲਾ ਕੱਠਾ ਕਰਕੇ ਟਾਂਡ ਉਤੇ ਰੱਖ ਦਿੱਤਾ।

'ਅੱਜ ਕਿਧਰੋਂ ਸਰੱਗਾ ਜਾਗ ਪਿਆ ਆਹ ਬਿੰਦੀਆਂ-ਸੁਰ-ਖੀਆਂ ਲਿਔਣ ਦਾ—ਮੈਨੂੰ ਮੇਮ ਬਣੌਣੈਂ ?' ਮੁੜ ਉਹਦੇ ਮੰਜੇ ਦੀ ਬਾਹੀ ਉਤੇ ਬੈਠਦਿਆਂ ਉਸ ਕਿਹਾ।

ਜਦੋਂ ਐਂਤਕੀ ਵੀ ਉਹਨੇ ਕੋਈ ਜੁਆਬ ਨਾ ਦਿਤਾ, ਤੇ ਪਿਆ ਕੰਧ ਵਲ ਝਾਕੀ ਗਿਆ ਤਾਂ ਮੁੰਨੋਂ ਨੂੰ ਸੱਚੀ ਡਰ ਲਗਿਆ। ਉਹਨੇ ਕਚੀਚੀ ਵੱਟੀ ਤੇ ਸੱਜੇ ਹੱਥ ਨਾਲ ਉਹਦੀ ਖੱਬੀ ਗੱਲ੍ਹ ਹੇਠ ਹੱਥ ਪਾ ਕੇ ਉਹਦਾ ਮੂੰਹ ਆਪਣੇ ਵਲ ਸਿੱਧਾ ਕਰਦਿਆਂ ਬੋਲੀ, 'ਤੈਨੂੰ ਹੋਇਆ ਕੀ ਐ ?'...ਮਾਊਂ-ਜਿਆ ਨਾ ਹੋਵੇ ਤਾਂ !'

ਪਰ ਮੂੰਹ ਸਿਧਾ ਕਰਕੇ ਵੀ ਉਹ ਉਸਦੀਆਂ ਅੱਖਾਂ ਵਿਚ ਝਾਕਣ ਦੀ ਥਾਂ ਛੱਤ ਵਲ ਝਾਕਣ ਲਗ ਪਿਆ। ਮੁੱਛਾਂ ਉਤੇ ਹੱਥ ਫੇਰਦਾ, ਨਿੰਮ੍ਹਾ ਨਿੰਮ੍ਹਾ ਮੁਸਕਰਾਈ ਗਿਆ।

'ਚੰਗਾ ਜਾਹ-ਪਰ੍ਹੇ ! ਕੋਰਾਂ ਦੀ ਬਣਿਐਂ ਵੱਡਾ ਰਾਂਝਾ!' ਉਹਨੇ ਬਣਾਉਟੀ ਗੁੱਸੇ ਨਾਲ, ਮੂੰਹ ਮੋਟਾ ਕਰਦਿਆਂ ਕਿਹਾ ਤੇ ਉਠ ਕੇ ਬਾਹਰ ਆ ਗਈ।

ਬਾਹਰ ਆਉਂਦਿਆਂ ਈ ਵੇਖਿਆ, ਕੱਟੀ ਗੋਹਾ ਕਰਕੇ ਖਰਵਦ ਕਰੀ ਜਾਂਦੀ ਸੀ। ਜਦੋਂ ਫੌਹੜਾ ਚੁਕ ਕੇ ਗੋਹਾ ਹਟਾਉਣ ਲੱਗੀ 'ਹਰੇ ਦੀ ਟੋਟ ਕਰਕੇ ਖਿਝੀ ਤੋਕੜ ਮਝ ਨੇ ਲਿਬੜੀ ਪੂਛ ਮਾਰ ਕੇ ਉਹਦੀ ਪੁੜਪੁੜੀ ਭੰਨ ਦਿਤੀ । ਉਹਨੇ, 'ਹਾਏ ਨੀਂ ਵੱਢਣ ਜੋਗੀਏ,' 'ਕਹਿੰਦਿਆਂ ਫੌਹੜਾ ਚਲਾਵਾਂ ਉਹਦੇ ਗਿੱਟਿਆਂ ਤੇ ਮਾਰਿਆਂ ਤਾਂ ਬਗੀਆਂ ਬਗੀਆਂ ਅੱਖਾਂ ਕਢਦੀ ਮੱਝ ਸੱਜੇ ਖੁਰ ਨੂੰ ਝਟਕਦੀ ਖੁਰਲੀ ਦੇ ਨਾਲ ਜਾ ਲਗੀ। ਉਹ ਲਿਬੜੀ ਚੁੰਨੀ ਝਾੜਦੀ ਤੇ ਮਝ ਨੂੰ ਗਾਲ੍ਹਾਂ ਕਢਦੀ, ਪੁੜਪੁੜੀ ਘੁਟਣ ਲਗ ਪਈ। ਫੇਰ ਅੱਕੀ-ਅਕਾਈ ਜਦੋਂ ਸਾਗ ਹੇਠ ਅੱਗ ਸੂਤ ਕਰਨ ਆ ਲੱਗੀ ਤਾਂ ਵਡਾ ਬਲਦ ਰੰਭਣ ਲਗ ਪਿਆ । ਅਚਾਨਕ ਯਾਦ ਆਇਆ ਕਿ ਮੇਲੂ ਸੀਰੀ, ਆਪਣੇ ਘਰ ਜਾਣ ਲਗਿਆ, ਪਾਣੀ ਨਹੀਂ ਸੀ ਪਿਆ ਗਿਆ । ਉਠ ਕੇ ਛੱਪਰ ਹੇਠੋਂ ਵੱਡੀ ਬਾਲਟੀ ਚੁਕਦਿਆਂ 'ਵਡੇ ਬਾਈ' ਦੇ ਨਲਕੇ ਵਲ ਜਾਂਦੀ, ਕੋਠੜੇ ਦੇ ਬੂਹੇ ਵਲ ਮੂੰਹ ਕਰਦਿਆਂ ਕਹਿ ਗਈ, 'ਬਾਹਰ ਨਿਗਾ ਰੱਖੀਂ, ਮੈਂ ਪਾਣੀ ਦੀ ਬਾਲਟੀ ਭਰ ਲਿਆਵਾਂ, ਨਲਕੇ ਤੋਂ।'

ਪਾਣੀ ਦੀ ਬਾਲਟੀ ਭਰ ਕੇ ਹੌਂਕਦੀ ਹਫਦੀ ਅੰਦਰ ਆਈ ਤਾਂ ਐਂਤਕੀ ਵਹਿੜਕਾ ਰੰਭਿਆ। ਚੰਦਰੀ ਜਠਾਣੀ ਦਾ ਗੁੱਸੇ ਉਹਦੇ ਉਤੇ ਕਢਦੀ ਕੁਦ ਕੇ ਪਈ, 'ਖੜ੍ਹਾ ਨ੍ਹੀਂ ਜਾਂਦਾ ਰਾਮ ਨਾਲ, ਮਾਰ ਲਿਆ ਰਿਹਾਕੜੇ ਨੇ' !......'

ਫੇਰ ਬੁੜਬੁੜ ਕਰਦੀ ਦੂਜੀ ਬਾਲਟੀ ਭਰਨ ਤੁਰ ਗਈ। ਉਹ ਵਹਿੜਕੇ ਨੂੰ ਪਾਣੀ ਪਿਆ ਕੇ ਜਦੋਂ ਫੇਰ ਚੁਲ੍ਹੇ ਮੂਹਰੇ ਆ ਬੈਠੀ ਤਾਂ ਖੱਦ-ਖੱਦ ਰਿਝਦੇ ਸਾਗ ਵਾਂਗ ਈ ਰਿਝਣ ਲਗ ਪਈ । (ਜਦੋਂ ਵੀ ਨਲਕੇ ਤੋਂ ਪਾਣੀ ਭਰਨ ਜਾਂਦੀ ਉਹਦਾ ਇਹੋ ਹਾਲ ਹੋ ਜਾਂਦਾ।)

'ਕੀ ਜਾਏਖਾਣੇ ਦਾ ਪਾਣੀ !...ਏਸ ਨਾਲੋਂ ਵੀ ਕੋਈ ਪਤਲੀ ਚੀਜ਼ ਹਊ ! ਇਹਦੇ 'ਚ ਵੀ ਸਰੀਕੇ ! ਜਦੋਂ ਵੇਖੋ ਕਦੇ ਹੱਥੀਂ ਲਾਹ ਕੇ ਰੱਖੀ ਪਈ ਐ, ਕਦੇ ਕਿੱਲ ਕਢਿਆ ਪਿਐ, ਕਦੇ ਪਹਿਲਾਂ ਸਾਡੀ ਭੀਟੋ ਨੂੰ ਭਰ ਲੈਣ-ਦੇ !' ਤੇ ਵਿਚੋਂ ਸਾਹ ਲੈਂਦਿਆਂ, ਸਾਗ 'ਚ ਕੜਛੀ ਮਾਰਦੀ ਪਹਿਲਾਂ ਨਾਲੋਂ ਵੀ ਤੱਤੀ ਵਾਜ 'ਚ ਬੋਲੀ, 'ਤਿੰਨ ਮਹੀਨੇ ਹੋਗੇ ਮੈਨੂੰ ਮੱਥੇ ਦੀਆਂ ਠੀਕ-ਰੀਆਂ ਕਰਦੀ ਨੂੰ ਬਈ ਪਹਿਲਾਂ ਤੂੰ ਆਹ ਪਾਣੀ ਆਲਾ ਡੱਚ ਮਕਾ।...ਹਾਂ, ਅੱਜ ਕਰਦੇ ਐਂ, ਕਲ੍ਹ ਨੂੰ ਕਰਦੇ ਐਂ, ਬਸ ਆਹ ਸੌਣੀ ਦੇ ਪੈਸਿਆਂ 'ਚ ਕਰਾਂਗੇ...! ਪਰ ਤੈਨੂੰ ਕੀ, ਬੱਖੀਆਂ ਤਾਂ ਮੇਹੀਆਂ ਪਕਦੀਐਂ, ਸਰੀਕਾਂ ਦੇ ਬਲੇ ਮੱਥੇ ਮੈਂ ਵੇਖਦੀ ਐਂ, ਤੇਰੇ

# ਭੈੜੇ ਚਿੱਟੇ ਕੰਮ



ਗੁਰਦਿਆਲ ਸਿੰਘ
ਨਾਵਲਿਸਟ

ਕੋਲੋਂ ਕੀ ਮੇਲ੍ਹ ਜਾਂਦੀ ਐ...।'

ਅਜ ਚਿੱਤ ਵਿਚ ਤਾਂ ਪਤਾ ਨਹੀਂ ਕਿੰਨਾ ਕੁਝ ਮੰਲ੍ਹੀ ਜਾਂਦਾ ਸੀ, ਪਰ ਚੁੱਪ ਈ ਆ ਗਈ (ਸ਼ਾਇਦ ਝੋਲੇ ਵਾਲੇ ਨਿੱਕ-ਸੁਕ ਦਾ ਖਿਆਲ ਆ ਗਿਆ ਸੀ)।

ਹਨੇਰਾ ਹੋ ਚੱਲਿਆ ਸੀ। ਪਹਿਲਾਂ ਪਿਛਲੇ ਆਲੇ ਵਿਚ ਪਿਆ ਮਿੱਟੀ ਦੇ ਤੇਲ ਦਾ ਦੀਵਾ ਜਗਾਇਆ ਤੇ ਫਿਰ ਕੋਠੜੀ ਵਿਚ ਜਾ ਕੇ ਲਾਲਟਣ ਲਭਣ ਲਗ ਪਈ। ਲਾਲਟਣ ਬਾਹਰ ਲਿਆ ਕੇ ਚੁਲ੍ਹੇ ਵਿਚੋਂ ਡੱਕਾ ਬਾਲ ਕੇ ਜਗਾਈ ਤੇ ਅੰਦਰ ਕਿੱਲੀ ਉਤੇ ਟੰਗ ਆਈ। (ਉਹ ਅਜੇ ਵੀ ਓਵੇਂ ਸਿਧਣ-ਸਿੱਧਾ ਪਿਆ ਛਤ ਵਲ ਹੀ ਝਾਕੀ ਜਾਂਦਾ ਸੀ।) ਜਦੋਂ ਬਾਹਰੋਂ ਪਰਾਤ ਚੁਕ ਕੇ, ਮੰਜੇ ਦੀਆਂ ਪੁਆਂਦਾਂ ਵਲ ਪਏ ਤੌੜੇ ਵਿਚੋਂ ਆਟਾ ਪਾਉਣ ਗਈ ਤਾਂ ਉਹ ਉਠ ਬਹਿ ਗਿਆ। ਪੁਆਂਦਾਂ ਵਲ ਝੁਕਦਿਆਂ, ਆਟਾ ਪਾਉਂਦੀ ਦੀ ਬਾਹ ਫੜ ਕੇ ਬੋਲਿਆ, 'ਸਾਰਾ ਦਿਨ ਕਾਲਕਾ ਮਾਈ ਬਣੀ ਰਹਿਨੀਂ ਐਂ ਕਦੇ ਮਾੜੀ-ਮੋਟੀ ਲਬ-ਲੁਬ ਦੀ ਗੱਲ ਵੀ ਕਰ ਲਿਆ ਕਰ, ਗਰੀਬਾਂ ਨਾਲ ?'

ਉਹਦੀ ਅਵਾਜ਼ ਨਸ਼ੀਲੀ ਸੀ। ਮੁੰਨੋਂ ਨੇ ਉਹਦੇ ਚਿਹਰੇ ਵਲ ਤੱਕਣੋਂ ਪਹਿਲਾਂ ਉਹਦੀ ਨਿਗਾਹ ਮੰਜੇ ਹੇਠ ਸੁਟੀ ਪਈ ਇਕ ਚਪਟੀ-ਜਿਹੀ ਸ਼ੀਸ਼ੀ ਤੇ ਜਾ ਪਈ। ਉਹ ਤ੍ਰਬਕੀ, ਇਹ ਅੰਗਰੇਜ਼ੀ ਸ਼ਰਾਬ ਦੀ ਬੋਤਲ ਸੀ। ਉਹਨੇ ਝਟਕਾ ਮਾਰ ਕੇ ਬਾਂਹ ਛੁਡਾਂਦਿਆਂ ਬਸ ਏਨਾ ਕਿਹਾ, 'ਹੁਣ ਸੁਰ ! ਆ-ਗੀ ਰੋਟੀ ਵੇਲੇ, ਪਹਿਰ-ਭਰ ਮਿੰਤਾਂ ਕਰਕੇ ਗਈ ਐਂ ..'

ਮੰਜੇ ਤੋਂ ਲੱਤਾਂ ਲਮਕਾਈ ਬੈਠਾ ਉਹ ਲਾਲਟਣ ਦੇ ਨਿੰਮ੍ਹੇ ਚਾਨਣ ਵਿਚ ਵੀ ਲਿਸ਼ਕਦੇ ਮੁੰਨੋਂ ਦੇ ਚਿਹਰੇ ਵਲ ਝਾਕੀ ਗਿਆ, ਹੋਰ ਕੁਝ ਕਹਿਣ ਦੀ ਹਿੰਮਤ ਨਹੀਂ ਪਈ। ਫੇਰ ਉਹਦਾ ਧਿਆਨ ਉਸਦੀ, ਮਝ ਦੀ ਪੂਛ ਮਾਰਨ ਕਰਕੇ ਲਿਬੜੀ ਚੁੰਨੀ ਵਲ ਗਿਆ ਤਾਂ ਉਹਦਾ ਚਿੱਤ ਕੀਤਾ ਪਿਛਲੇ ਮਹੀਨੇ ਲਿਆ ਕੇ ਦਿਤਾ ਕਰੇਟ ਵੋਲ ਦਾ ਦੁਪੱਟਾ ਪੇਟੀ ਵਿਚੋਂ ਕਢ ਕੇ ਉਹਦੇ ਸਿਰ ਉਤੇ ਦੇ ਦੇਵੇ। ਪਰ ਉਸੇ ਵੇਲੇ ਮੁੰਨੋਂ ਪਰਾਤ ਚੁਕ ਕੇ ਬਾਹਰ ਤੁਰ ਗਈ। ਉਹ ਢਿਲਾ ਜਿਹਾ ਹੋ ਕੇ ਮੁੜ ਲੇਟ ਗਿਆ।

ਆਟਾ ਗੁੰਨ੍ਹਦੀ ਉਹ ਮੁੜ ਬੁੜਬੁੜ ਕਰਨ ਜਾ ਲਗੀ ਸੀ। ਪਹਿਲਾਂ ਤਾਂ ਇੰਜ ਲਗਿਆ ਜਿਵੇਂ ਹਰਖੀ-ਹਰਖਾਈ ਕਿਸੇ ਗੁਆਂਢਣ ਕੋਲ ਫਰਿਆਦਾਂ ਲਾ ਰਹੀ ਹੋਵੇ, ਪਰ ਅਚਾਨਕ ਉਹਨੂੰ ਉਹ ਆਪਣੇ ਮੰਜੇ ਦੇ ਸਰਾਹਣੇ ਕੋਲ ਖੜੋਤੀ ਰੌਲਾ ਪਾਉਂਦੀ ਲਗੀ। ਉਹ ਛੇਤੀ ਦੇਣੇ ਉਠ ਕੇ ਬਹਿ ਗਿਆ। ਜਦੋਂ ਬੂਹੇ ਵਲ ਝਾਕਿਆ ਤਾਂ ਉਥੇ ਕੋਈ ਨਹੀਂ ਸੀ, ਉਹ ਅਜੇ ਚੁਲ੍ਹੇ ਮੂਹਰੇ ਈ ਬੈਠੀ ਸੀ। ਕੋਠੜੀ ਅੰਦਰ ਹਨੇਰਾ ਵਧ ਰਿਹਾ ਸੀ— ਤੇਲ ਚੜ੍ਹਣ ਕਰਕੇ ਲਾਲਟਣ ਲਾਟ ਛਡਣ ਲਗ ਪਈ ਸੀ ਤੇ ਚਿਮਨੀ ਕਾਲੀ ਹੋਣ ਕਰਕੇ ਚਾਨਣ ਘੱਟ ਗਿਆ ਸੀ।

'ਤੈਨੂੰ ਕੁਸ਼ ਸੁਰਤ ਹੈ ਦੁਨੀਆਂ ਦੀ, ਕਿਤੇ ਸੁੱਖਾ ਪੀ ਕੇ ਤਾਂ ਨ੍ਹੀਂ ਆਇਆ ਕਿਧਰੋਂ ?' ਮੁੰਨੋਂ ਨੇ ਕਾਹਲ ਨਾਲ ਅੰਦਰ ਆਉਂਦਿਆਂ ਉਹਨੂੰ ਜਿਵੇਂ ਝਿੜਕਿਆ ਤੇ ਲਾਲਟਣ ਦੀ ਬਤੀ ਨੀਵੀਂ ਕਰਦਿਆਂ ਬੋਲੀ, 'ਉਠ ਕੇ ਬੱਤੀ ਸੂਤ ਕਰਨ ਜੋਗਾ ਵੀ ਸਾਹ-ਸਤ ਹੈਨੀਂ ?...ਐਨੀ ਹਰਾਮਖੋਰੀ ਵੀ ਕੀ ਆਖ ਬੰਦੇ ਨੂੰ!'

ਬੋਲਦੀ ਬੋਲਦੀ ਉਹ ਲਾਲਟਣ ਬਾਹਰ ਲੈ ਗਈ। ਜਦੋਂ ਤਕ ਉਹ ਉਹਨੂੰ ਬੁਝਾ ਕੇ, ਦੀਵੇ ਨੂੰ ਸਰ੍ਹੋਂ ਦਾ ਤੇਲ ਲਾਉਂਦੀ ਤੇ ਚਿਮਨੀ ਸਾਫ ਕਰਦੀ ਰਹੀ, ਉਹ ਮੰਜੇ ਤੋਂ ਲੱਤਾਂ ਲਮਕਾਈ ਬੈਠਾ, ਮੁੱਛਾਂ ਤੇ ਹੱਥ ਫੇਰਦਾ, ਢੀਠਾਂ ਵਾਂਗ ਮੁਸਕਰਾਈ ਗਿਆ। ਜਦੋਂ ਉਹ ਲਾਲਟਣ ਠੀਕ ਕਰ ਕੇ ਅੰਦਰ ਆਈ ਤਾਂ ਪਹਿਲਾਂ ਉਹਨੇ ਲਿਸ਼-ਲਿਸ਼ ਕਰਦੀ ਚਿਮਨੀ ਵਲ ਵੇਖਿਆ ਤੇ ਫੇਰ ਉਹਦੇ ਚਿਹਰੇ ਵਲ। ਚਿਹਰੇ ਤੋਂ ਨਿਗਾ ਮੁੜ ਚੁੰਨੀ ਉਤੇ ਜਾ ਪਈ। ਚੁੰਨੀ ਦਾ ਇਕ ਲੜ ਇੰਜ ਕਾਲਾ ਹੋਇਆ ਹੋਇਆ ਸੀ ਜਿਵੇਂ ਉਹ ਚਿਮਨੀ ਉਸੇ ਲੜ ਨਾਲ ਪੂੰਜ ਕੇ ਲਿਆਈ ਹੋਵੇ। ਲਾਲਟਣ ਕਿੱਲੀ ਉਤੇ ਟੰਗਣ ਲੱਗੀ ਤਾਂ ਚੁੰਨੀ ਦਾ ਇਹੋ ਲੜ ਉਹਦੀ ਭਰਵੀਂ ਹਿੱਕ ਉਤੇ ਆ ਗਿਆ। ਉਹਨੇ ਪਲਮਦੇ ਲੜ ਉਤੋਂ ਨਜ਼ਰ ਹਟਾ ਕੇ ਜਦੋਂ ਫੇਰ ਚਾਨਣ ਵਿਚ ਲਿਸ਼ਕਦੇ ਚਿਹਰੇ ਵਲ ਤਕਿਆ ਤਾਂ ਉਹਦੀ ਖੱਬੀ ਗਲ੍ਹ ਉਤੇ ਕਾਲਖ ਦਾ ਟਿੱਕਾ-ਜਿਹਾ ਲਗਿਆ ਦਿੱਸਿਆ। ਚਿੱਤ ਬੇਕਾਬੂ ਹੋ ਗਿਆ। ਉਹ ਲਾਲਟਣ ਟੰਗ ਕੇ ਮੁੜਣ ਲੱਗੀ ਤਾਂ ਸੱਜੀ ਲੱਤ ਸਿੱਧੀ ਕਰਕੇ ਉਹਨੂੰ ਰੋਕਦਿਆਂ, ਉਹਦੀ ਸੱਜੀ ਬਾਂਹ ਫੜ ਕੇ ਆਪਣੇ ਵਲ ਖਿਚਦਿਆਂ ਬੋਲਿਆ, 'ਕੀ ਗੱਲ, ਅੱਜ ਸਾਡੇ ਨਾਲ ਕੋਈ ਰੰਜੀ ਐ, ਮੇਮ ਸਾਬ੍ਹ ?'

ਪਰ ਮੁੰਨੋਂ ਖੱਬੇ ਹੱਥ ਨਾਲ ਉਹਦੀਆਂ ਉਂਗਲਾਂ ਦੀ ਕੱਸ ਢਿੱਲੀ ਕਰਨ ਦਾ ਯਤਨ ਕਰਦਿਆਂ ਓਵੇਂ ਖਿਝੀ ਵਾਜ 'ਚ ਬੋਲੀ, 'ਤੂੰ ਰਾਮ ਨਾਲ ਬੈਠਾ ਰਹਿ ! ਬਾਹਰ ਚੌਂਕੇ 'ਚ ਕੁੱਤੇ ਆਟਾ ਖਾ-ਗੇ ਤਾਂ ਮਗਰੋਂ ਖਾ-ਲੀਂ ਦੋੜਾਂ !'

ਉਹਨੇ ਮੋਰਚਾ ਹੋਰ ਘੁਟ ਲਿਆ ਤੇ ਬਾਂਹ ਨੂੰ ਹੁਝਕਾ ਮਾਰਦਿਆਂ, ਆਪਣਾ ਖੱਬਾ ਹੱਥ ਉਹਦੀ ਧੌਣ ਵਲ ਵਧਾਉਂਦਿਆਂ ਕਿਹਾ, 'ਤੇਰੇ ਰੂਪ ਨਾਲ ਈ ਰੱਜ ਲਾਗੇ, ਐਂ ਕਿਉਂ ਛੜਾਂ ਮਾਰਦੀ ਐਂ, ਮਾਂ-ਵਾਰਿਆਂ ਤੇ ਕੁਸ਼ ਤਰਸ ਵੀ ਖਾਈਦਾ ਹੁੰਦੈ ਖਿੱਲੇ ਰਾਣੀਏਂ ?'

ਧੌਣ ਨੂੰ ਪਾਏ ਕਰੜੇ ਹੱਥ ਕਰਕੇ ਉਹਦਾ ਸਿਰ ਸੱਜੇ ਪਾਸੇ ਝੁਕ ਗਿਆ ਸੀ ਤੇ ਉਧਰੋਂ ਬਾਂਹ ਖਿਚੀ ਹੋਣ ਕਰਕੇ ਲੱਕੋਂ ਉਤਾਂਹ ਸਰੀਰ ਵੀ ਉਹਦੇ ਵਲ ਉਲਰਿਆ ਹੋਇਆ ਸੀ। ਪਰ ਪੂਰੀ ਤਰ੍ਹਾਂ ਤਣੀ ਖੜੋਤੀ ਉਹ ਅਜੇ ਵੀ ਆਪਣੇ ਮੋਰਚੇ ਵਿਚ ਖੁੱਭੀਆਂ ਉਹਦੀਆਂ ਉਂਗਲਾਂ ਪੱਟਣ ਦਾ ਯਤਨ ਕਰ ਰਹੀ ਸੀ, ਉਹਦੇ ਪੂਰੇ ਤਾਣ ਦੇ ਬਾਵਜੂਦ ਉਹਦੇ ਉਤੇ ਨਹੀਂ ਸੀ ਡਿੱਗੀ।

'ਵੇਖ ਤਾਂ ਸਈ ਤੇਰੇ ਆਸਤੇ ਕੁਸ਼ ਲਿਆਂਦੇ !' ਉਹਦੀ ਧੌਣ, ਪੋਲੀ ਜਿਹੀ ਆਪਣੇ ਵਲ ਮਰੋੜਣ ਦਾ ਯਤਨ ਕਰਦਿਆਂ ਉਹਨੇ ਫੇਰ ਕਿਹਾ, 'ਜੇ ਨਾਹ-ਧੋ ਕੇ ਬਿੰਦੀ-ਸੁਰਖੀ ਲਾ-ਲੇਂ ਤਾਂ ਜਮਾ ਹੇਮਾ-ਮਾਲਣੀ ਅਰਗੀ ਲੱਗੇਂ—ਬਣੀ ਫਿਰਦੀ ਐਂ ਕਰਤਾਰੀ ਅਰਗੀ...

'ਜਣਦਿਆਂ ਨੂੰ ਖਾਂਦੀ ਤੇਰੀ ਹੇਮੂ-ਮਾਲਣ ! ਹੁਣ ਤੂੰ ਮੈਨੂੰ ਖਾਣੈਂ ?...ਹਾਲ ਵੇਖ ਨੀਂ ਕੀ ਕਰਨ ਲਗਿਐ ! ਲਗਿਐ ਨਵੇਂ ਸੋਲਮੇ ਦੇਖਣ...! ਇਹ ਤੇਰੇ ਕਬੀਲਦਾਰੀ ਤੋਰਨ ਦੇ ਚੱਜ ਐ ?'

ਮੁੰਨੋਂ ਦਾ ਮੂੰਹ ਲਾਲ ਸੂਹਾ ਹੋ ਗਿਆ ਸੀ। ਅੱਖਾਂ ਚੜ੍ਹੀਆਂ ਹੋਈਆਂ ਸਨ। ਇਹ ਵਿੰਹਦਿਆਂ ਈ ਉਹਦੇ ਦੋਏ ਹੱਥਾਂ ਦੀ ਪਕੜ ਢਿਲੀ ਹੋ ਗਈ। ਮੁੰਨੋਂ ਨੇ ਉਹਦੀਆਂ ਉਂਗਲਾਂ ਮਰੋੜ ਕੇ ਹੱਥ ਚਿਚੜ ਵਾਂਗ ਤੋੜ ਕੇ ਪਜੂੰ ਵਗਾਹ ਮਾਰਿਆ। ਉਹਦਾ ਧੌਣ ਨੂੰ ਪਿਆ ਹੱਥ ਆਪੇ ਹੀ ਹੇਠ ਲਮਕ ਗਿਆ। ਚੁੰਨੀ ਸੂਤ ਕਰਦੀ ਉਹ ਬਾਹਰ ਨਿਕਲ ਗਈ :

'ਹਾਲ ਵੇਖ ਨੀਂ, ਕੀ ਕਰਨ ਲੱਗਿਐ !' ਬਾਹਰੋਂ ਭਖੀ-ਭਖਾਈ ਵਾਜ ਉਹਨੂੰ ਫੇਰ ਸੁਣੀਂ, 'ਸਾਰਾ ਦਿਨ ਕੁੱਤੇ-ਬਿੱਲੇ ਕੰਮਾਂ ਤੋਂ ਬਿਨਾਂ ਹੋਰ ਕੋਈ ਗੱਲ ਈ ਨੀਂ ਔੜਦੀ ! ਕਦੇ ਇਹ ਨੀਂ ਸੋਚਣਾ ਬਈ ਸ਼ਰੀਕਾਂ ਨੇ ਜਿਹੜੀ ਝੰਡ ਮੁੰਨੀ ਐ ਉਹ ਕਿਵੇਂ ਉਗਰੂ, ਇਹ ਖਿਆਲ ਨੀਂ ਕਰਨਾ ਬਈ ਕਲ੍ਹ ਨੂੰ ਨਿਆਣੇ-ਨਿਕਿਆਂ ਨੂੰ ਖਾਣ ਨੂੰ ਕਿੱਥੋਂ ਆਊ...ਸਾਰਾ ਦਿਨ ਬਸ ਆਵਦੀ ਅੱਗ ਦੀ ਲੱਗੀ ਰਹੂ !...ਚਲ, ਬੰਦਾ ਕਦੇ ਏਹੋ ਵੇਖ-ਲੇ ਬਈ ਕਦੇ ਚਿੱਤ ਕਿਹੋ-ਜਿਆ ਹੁੰਦੈ ਕਦੇ ਕੇਹੋ-ਜਿਆ, ਹੁਣ ਸਾਰਾ ਦਿਨ ਤੇਰੇ ਗੋਡੇ-ਮੁਢ ਈ ਬੈਠੇ ਰਹੋ ਸ਼ੰਗਾਰ ਪੱਟੀ ਲਾ ਕੇ ! ਸ਼ਰਮ ਦਾ ਈ ਘਾਟੈ ਨਾ...!'

ਇਕ ਵਾਰ ਤਾਂ ਉਹਨੂੰ ਆਪਣੇ ਪਿੰਡੇ ਦਾ ਸਾਰਾ ਲਹੂ ਸਿਰ ਨੂੰ ਚੜ੍ਹਦਾ ਲਗਿਆ, ਪਰ ਫੇਰ ਚਾਣਚਕ ਜਿਵੇਂ ਅੰਗਾਂ ਵਿਚੋਂ ਸਾਹ-ਸਤ ਈ ਨਿਕਲ ਗਿਆ। ਬੈਠੇ ਬੈਠੇ ਨੂੰ ਕੱਚੀ ਤਰੇਲੀ ਆ ਗਈ। ਲੇਟਣ ਨੂੰ ਚਿਤ ਕੀਤਾ, ਪਰ ਲੇਟ ਨਹੀਂ ਸਕਿਆ। ਲਾਲਟਣ ਵਲ ਅੱਖਾਂ ਗੱਡ ਕੇ ਝਾਕਦਿਆਂ ਹਿੱਕ ਵਿਚ ਆਰ ਵਾਂਗ ਕੁਝ ਚੁਭਦਾ ਮਹਿਸੂਸ ਹੋਇਆ। ਇਕ ਦਮ ਖੜਾ ਹੋ ਕੇ ਗੁਰਗਾਬੀ ਪਾਉਂਦਿਆਂ ਬੂਹਿਓਂ ਬਾਹਰ ਨਿਕਲ ਆਇਆ। ਮੁੰਨੋਂ ਉਸ ਵਲ ਵਿੰਹਦਿਆਂ ਰਤਾ ਹੈਰਾਨ ਹੋਈ, ਪਰ ਸਮਝ ਗਈ ਕਿ ਕਿਧਰ ਚੱਲਿਆ ਸੀ। ਨਾਲ ਦੀ ਨਾਲ ਰੌਂ ਬਦਲਦਿਆਂ ਬੋਲੀ, 'ਉਹਨੂੰ ਆਖੀਂ ਤੜਕੇ ਤੀਜੇ ਪਹਿਰ ਆਵੇ, ਨਹੀਂ ਤਾਂ ਸੁੱਤਾ ਰਹੂ ਸੂਰਜ ਚੜ੍ਹਦੇ ਤਾਈਂ ਆਵਦੀ ਮਾਂ ਕੋਲੇ ! ਮਕਲਾਵੇ ਲੋਕਾਂ ਦੇ ਵੀ ਆਉਂਦੇ ਐ, ਇਹਨੂੰ ਕਿਤੋਂ ਨਵੀਂ ਅਕਾਸਪਰੀ ਕੀ ਆਈ ਐ, ਸਾਰਾ ਦਿਨ ਗੋਦੀ 'ਚੋਂ ਈ ਨ੍ਹੀਂ ਨਿਕਲਦਾ, ਮੁੰਨਾ ਜਿਆ !'

ਮੁੰਨੋਂ ਦੀ ਟਹਿਕੀ ਵਾਜ ਸੁਣ ਕੇ ਇਕ ਵਾਰੀ ਉਹਦਾ ਚਿੱਤ ਟਿਕਾਣੇ ਆ ਗਿਆ ਪਰ ਦੂਜੇ ਪਲ ਈ ਉਹਨੂੰ ਕਿੰਨੇ ਕੰਮ ਯਾਦ ਆ ਗਏ : ਜੇ ਮੇਲ੍ਹੂ ਨੂੰ ਚੰਗੀ ਤਰ੍ਹਾਂ ਨਾ ਪੱਕਾ ਕਰਕੇ ਆਇਆ ਤਾਂ ਉਹਨੇ ਸੱਚੀਂ ਦਿਨ ਚੜ੍ਹੇ ਆ ਵੜਨਾ ਸੀ, ਤੇ ਕਲ੍ਹ ਦੀ ਪਛੇਤ ਪੈ ਗਈ ਤਾਂ ਵੱਤਰ ਸੁੱਕ ਜਾਣਾ ਸੀ। 'ਵਡੇ ਬਾਈ ਕੋਲੋਂ ਅਜੇ

(ਬਾਕੀ ਸਫ਼ਾ 38)

# ਗਿੱਲ ਮੋਰਾਂਵਾਲੀ ਦੀ 'ਚੰਬੇ ਦੀ ਡਾਲੀ': ਇਕ ਨਜ਼ਰ

ਲਾਟ ਭਿੰਡਰ ਐੱਮ.ਏ. - ਐਡਮੰਟਨ

ਕਵਿਤਾਵਾਂ, ਗੀਤਾਂ ਤੇ ਗ਼ਜ਼ਲਾਂ ਦੇ ਇਸ ਕਾਵਿ-ਸੰਗ੍ਰਹਿ ਤੋਂ ਪਹਿਲਾਂ ਵੀ ਗਿੱਲ 'ਮੋਰਾਂਵਾਲੀ' ਸੱਤ ਪੁਸਤਕਾਂ ਪਾਠਕਾਂ ਦੇ ਹਵਾਲੇ ਕਰ ਚੁੱਕਾ ਹੈ। ਇਸ ਸੰਗ੍ਰਹਿ ਵਿੱਚ 'ਜਨਮ ਭੂਮੀ', 'ਰੌਸ਼ਨ ਸਵੇਰ', 'ਹਿੰਮਤ ਦਾ ਚਾਨਣ', 'ਪਿਆਰ ਦੀ ਸੁਗਾਤ' ਤੇ 'ਸੁਫ਼ਨ' ਆਦਿ ਕਵਿਤਾਵਾਂ ਦੀ ਬੋਲੀ ਜਨ-ਸਾਧਾਰਣ ਦੇ ਨੇੜੇ ਹੋਣ ਕਰਕੇ ਇਹ ਵਧੀਆ ਰਚਨਾਵਾਂ ਕਹੀਆਂ ਜਾ ਸਕਦੀਆਂ ਹਨ:

ਇਹ ਕੰਧਾਂ ਇਹ ਉਹਲੇ ਮਾਏ ਨੀ, ਅੱਜ ਮੁੱਕੇ ਜਾਂ ਕੱਲ੍ਹ ਮੁੱਕ ਜਾਏ।
ਤੇਰੇ ਫਿਰ ਵਿਹੜੇ ਦੇ ਅੰਦਰ ਚਾਨਣ ਦੇ ਬੀਜ ਉਗਾਏ। (ਜਨਮ ਭੂਮੀ)

ਜਿੱਥੋਂ ਮਿਲਦਾ ਚਾਨਣ ਜ਼ਿੰਦਗੀ ਨੂੰ
ਹਰ ਜ਼ੋਰ ਉਹ ਲਿਸ਼ਕਾਂਦਾ ਏ। (ਹਿੰਮਤ ਦਾ ਚਾਨਣ)

'ਇਕ ਸਾਲ ਦੋਸਤੀ', 'ਪਿਆਰ ਦੀ ਲੋਰ', 'ਤਮੰਨਾ ਬਾਕੀ ਰਹੀ', 'ਪਿਆਰ ਦੀ ਸੁਗਾਤ' ਤੇ 'ਚੰਬੇ ਦੀ ਡਾਲੀ' ਕਵਿਤਾਵਾਂ ਵਿੱਚ ਪਿਆਰ-ਜਜ਼ਬਿਆਂ ਦਾ ਖ਼ੂਬਸੂਰਤ-ਪ੍ਰਗਟਾਵ ਮਿਲਦਾ ਹੈ:

ਬਾਲੜੀ ਵਰੇਸ ਮਾਏ ਪਿਆਰ ਦੀ ਸੁਗਾਤ ਪਾਈ ਸਾਂਭੀ ਨਾ ਔਖੀ ਜਾਏ ਵੇ।
ਆਖ ਮਾਏ ਛੋਟੀ ਛੋਟੀ ਵਿਹੜੇ ਤੇ ਜਵਾਨੀ ਆਏ ਕਿਨਾਂ ਫਿਰ ਰੱਖਾਂ ਮੈਂ ਲੁਕੋ। (ਪਿਆਰ ਦੀ ਸੁਗਾਤ)

ਜਦ ਤੱਕ ਬਾਕੀ ਇਕ ਵੀ ਰਹਿੰਦਾ ਹੈ ਦਮ ਲੈਣ ਨੂੰ
ਰਹਿਣਾ ਹੈ ਤੇਰੇ ਪਿਆਰ ਦਾ ਬੁੱਲ੍ਹਾਂ 'ਚ ਨਾਂ ਉਚਾਰਿਆ। (ਇਕ ਸਾਲ ਦੋਸਤੀ)

ਚਾਰ ਸਲਾਵਾਂ ਚਾਰ ਜਮਾਵਾਂ
ਵਿੱਚ ਨਾ ਕੋਈ ਹੋਰ। (ਪਿਆਰ ਦੀ ਲੋਰ)

ਧਾਰਮਿਕ, ਦੇਸ਼ ਪਿਆਰ ਤੇ ਧੀ-ਬਾਬਲ ਦੇ ਪਿਆਰ ਦੇ ਗੀਤਾਂ ਵਿੱਚੋਂ ਸਮੁੱਚੀ-ਦੱਖ ਰਵਾਇਤੀ ਹੋਣ ਕਰਕੇ ਲੇਖਕ ਮਹੱਤਤਾ ਵਾਲਾ ਪ੍ਰਭਾਵ ਨਹੀਂ ਪਾ ਸਕਿਆ।

ਕੁਝ ਕਵਿਤਾਵਾਂ ਤੇ ਗ਼ਜ਼ਲਾਂ ਵਿੱਚ ਸਮਾਜਿਕ ਬੁਰਾਈਆਂ, ਮਨੁੱਖੀ ਐਬਾਂ ਤੇ ਭਾਈਚਾਰਕ ਤੰਗਾਂ ਵਿਰੁੱਧ ਰੋਸ ਭਰੀ ਲਲਕਾਰ ਮਿਲਦੀ ਹੈ:

'ਉਸਦਾ ਰੂਹ ਦੋਸਤੋ ਕੀ ਬਣੇਗਾ ਦੱਸੋ,
ਐਬਾਂ 'ਚ ਜਿਸਨੇ ਜ਼ਿੰਦਗੀ ਬਿਤਾਈ ਹੈ।'

'ਲੋਕਾਂ ਲਈ ਹੀ ਜਿਉਣ ਮੇਰੀ ਖ਼ੁਸ਼ੀ ਹੈ
ਆਪ ਲਈ ਹੀ ਜਿਉਣੇ ਦੀ ਆਦਤ ਨਹੀਂ ਹੈ।'

ਸੱਚ ਤਾਂ ਇਹ ਹੈ ਕਿ ਗਿੱਲ 'ਮੋਰਾਂਵਾਲੀ' ਦੀਆਂ ਬਹੁਤੀਆਂ ਰਚਨਾਵਾਂ ਵਿੱਚ 'ਲੋਕ-ਗੀਤਾਂ' ਵਾਲੀ ਹੀ ਧੁਨ ਤੇ ਤਰਜ਼ ਪਾਈ ਜਾਂਦੀ ਹੈ। 'ਪੀਂਘਾਂ ਝੂਟਣ ਆਈਆਂ', 'ਚੋਰ ਦਿਲ ਦਾ', 'ਰੁੱਸ ਗਿਆ ਮਾਹੀ', ਤੇ 'ਗੋਰਾ ਗੋਰਾ ਰੰਗ' ਆਦਿ ਗੀਤਾਂ ਵਿੱਚ ਵਰਤੀ ਗਈ ਸ਼ੈਲੀ ਤੇ ਸਰਲ ਸ਼ਬਦਾਵਲੀ ਨੇ ਉਨ੍ਹਾਂ ਨੂੰ ਪੇਂਡੂ ਮਾਹੌਲ ਦੇ ਸੁਆਦਲੇ ਨਮੂਨੇ ਬਣਾ ਦਿੱਤਾ ਹੈ।

ਪੁਸਤਕ ਨੂੰ ਪੜ੍ਹਕੇ ਇਕ ਰੀਝ ਮਨ ਵਿੱਚ ਉਠਦੀ ਹੈ: ਕਿਤੇ ਲੇਖਕ ਆਪਣੇ ਪੁਰਾਣੇ ਰੁਮਾਂਚਕ ਤੇ ਪੇਂਡੂ ਕਾਵਿ-ਧਿਆਨ ਨੂੰ ਆਧੁਨਿਕ ਦਿਸ਼ਿਆਂ ਵਿੱਚ ਬਦਲਕੇ ਲੋਕ-ਪ੍ਰਸ਼ਨਾਂ ਨੂੰ ਆਪਣੀ ਕਵਿਤਾ 'ਚ ਸਮੋ ਸਕਦਾ! ਉਮੀਦ ਕਰਨੀ ਬਣਦੀ ਹੈ ਕਿ ਭਵਿੱਖ ਵਿੱਚ ਲੇਖਕ ਸਮੇਂ ਦੇ ਨਾਲ ਨਾਲ ਪੈਰ ਪੁੱਟਕੇ ਆਪਣੀ ਲੇਖਣੀ ਵਿੱਚ ਸਮਾਜਿਕ ਮਹੱਤਵ ਵਾਲੇ ਨਵੀਨ ਵਿਸ਼ੇ ਭਰੇਗਾ!

---

ਗਿੱਲ ਮੋਰਾਂਵਾਲੀ ਦੇ ਤਿੰਨ ਕਾਵਿ-ਸੰਗ੍ਰਹਿ:
ਬੰਜਰ ਧਰਤੀ | ਜਿੰਦ ਬਣੀ ਅਧਮੋਈ | ਮਿੱਟੀ ਦੀ ਸੁਗੰਧ
ਛੇਤੀ ਹੀ ਪਾਠਕਾਂ ਤੱਕ ਪੁੱਜ ਰਹੇ ਹਨ

ਡੈਲਟਾ ਵਿਚ ਗਰੋਸਰੀ ਦੀ ਨਵੀਂ ਦੁਕਾਨ

# ਪੰਜਾਬ ਫੂਡ ਸਟੋਰ

9435 ਸਕਾਟ ਰੋਡ, ਡੈਲਟਾ, ਬੀ.ਸੀ.

ਫੋਨ: 588-4911

ਜਿਥੋਂ ਤੁਹਾਨੂੰ ਹਰ ਕਿਸਮ ਦੀ ਭਾਰਤੀ ਗਰੋਸਰੀ ਜਿਵੇਂ ਆਟਾ, ਦਾਲਾਂ, ਮਸਾਲੇ, ਤੇਲ, ਆਚਾਰ, ਬਦਾਮ ਤੇ ਹੋਰ ਬਹੁਤ ਕੁਝ ਬਹੁਤ ਸਸਤੇ ਭਾਅ ਮਿਲ ਸਕਦਾ ਹੈ।

ਹੋਰ ਜਾਣਕਾਰੀ ਲਈ ਦਰਸ਼ਨ ਦਿਓ
ਜਾਂ ਫੋਨ ਕਰੋ:

588-4911

LICENSED

# RAJA RESTAURANT

*Specializing in:*
BANQUETS & CATERING, PRIVATE HOME PARTIES
– DINE IN OR TAKE OUT –

**7271 MAIN STREET, VANCOUVER, B.C.**

WINTER HOURS:
Monday to Friday – 4:00 to 10:30 p.m.
Saturday & Sunday – 11:00 to 11:00 p.m.

**FOR PARTY CATERING**
**CONTACT:** **BALWANT**
**325-5014**

# PUNI'S EMPORIUM

9369 SCOTT RD. (120 ST.) DELTA
581-1844

ਸਰੀ ਡੈਲਟਾ ਤੇ ਆਸ ਪਾਸ ਦੇ ਨਿਵਾਸੀਆਂ ਲਈ ਕੱਪੜੇ ਦਾ ਨਵਾਂ ਸਟੋਰ ਜਿਥੋਂ ਤੁਹਾਨੂੰ ਹਰ ਕਿਸਮ ਦੇ ਕੱਪੜੇ, ਸਾੜ੍ਹੀਆਂ, ਸੂਟ, ਕਮੀਜ਼ਾਂ, ਕਸ਼ਮੀਰੀ ਕੋਟ, ਕਢਾਈ ਵਾਲੇ ਸੂਟ ਤੇ ਹੋਰ ਬਹੁਤ ਕੁਝ ਮਿਲ ਸਕਦਾ ਹੈ।

ਹੋਰ ਜਾਣਕਾਰੀ ਲਈ ਦਰਸ਼ਨ ਦਿਓ
ਜਾਂ ਫੋਨ ਕਰੋ:

## ਪੁਨੀ'ਜ਼ ਇਮਪੋਰੀਅਮ

9369 (ਸਕਾਟ ਰੋਡ) - 120 ਸਟਰੀਟ
ਡੈਲਟਾ, ਬੀ.ਸੀ.

ਫੋਨ:
581-1844

**FOR FAST SALE**
***LIST YOUR PROPERTY WITH US***

***JATINDER GILL***
Phone 277-9880

**AMREEK SANDHU**
Phone 873-8458 or 437-4972

***GURMINDER DEOL***
Phone 277-1184

# DEOL REALTY
**263-2696** (24 Hours)

*(Realtors, We Pay 85 to 95% Commission)*
*No Monthly Fee*

# ਪਰਸੰਸਾ ਪੱਤਰ

ਹਰਜੀਤ ਸਿੰਘ ਬੇਦੀ

ਉਹ ਮੰਜੀ ਤੋਂ ਉੱਠੀ ਤਾਂ ਹੰਝੂਆਂ ਦਾ ਟਿਕ ਬੁੱਕ ਧਰਤੀ ਤੇ ਖਿਲਰ ਗਿਆ......ਤੇ ਹੰਝੂਆਂ ਦੀ ਇਹ ਛਹਿਬਰ ਜਿੰਨੀ ਦੇਰ ਵਗਦੀ ਰਹੀ, ਉਹ ਆਪਣੇ ਦੁਪੱਟੇ ਨਾਲ ਪੂੰਝ ਪੂੰਝ ਲੁਕਾਂਦੀ ਰਹੀ—ਦੁਪੱਟਾ ਜੋ ਗੂੜ੍ਹੇ ਲਾਲ ਰੰਗ ਤੋਂ ਸਦਾ ਲਈ ਚਿੱਟਾ ਹੋ ਗਿਆ ਸੀ।

ਉਹ ਹੁਣ ਸੂਹੇ ਲਾਲ ਰੰਗ ਦਾ ਦੁਪੱਟਾ ਕਦੇ ਆਪਣੇ ਸਿਰ ਨਹੀਂ ਲੈ ਸਕੇ ਗੀ। ਆਖ਼ਰੀ ਦਮਾਂ ਤਕ ਇਹ ਸਫ਼ੇਦ ਦੁਪੱਟਾ ਉਸ ਦੇ ਦੁੱਖਾਂ ਦਾ ਸਾਥ ਦੇਵੇ ਗਾ, ਉਹ ਸੋਚਦੀ।

ਚਿੱਟਾ ਦੁਪਟਾ......
ਲਾਲ ਸੂਹਾ ਰੰਗ......
ਚਿੱਟਾ ਰੰਗ......

ਉਹ ਸੋਚਦੀ ਤੇ ਸੋਚਦੀ ਸੋਚਦੀ ਚਿੱਟੇ ਰੰਗ ਤੇ ਅਮਨ ਦੀ ਗੱਲ ਦਾ ਉਹ ਭੇਤ ਨਾ ਲੱਭ ਸਕਦੀ। ਅਮਨ ਦੇ ਸਫ਼ੇਦ ਰੰਗ ਨੇ ਉਸ ਦਾ ਲਾਲ ਸੂਹਾ ਰੰਗ ਕਿਉਂ ਖੋਹ ਲਿਆ ਸੀ? ਇਹ ਇਕ ਸੁਆਲ ਸੀ ਜੋ ਬੈਠਦੇ ਉਠਦੇ ਉਸ ਦਾ ਪਿੱਛਾ ਕਰਦਾ ਰਹਿੰਦਾ ਸੀ। ਪਰ ਉਹ ਸੋਚਦੀ ਤੇ ਸਮਝਦੀ ਹੋਈ ਵੀ ਇਸ ਦਾ ਕੋਈ ਹਲ ਨਾ ਲੱਭ ਸਕੀ।

ਆਪਣੇ ਇਸ ਚੋਲੇ ਦੀ ਅਠਾਈਵੀਂ ਲੋਹੜੀ ਹਾਲੇ ਪਿਛੇ ਜਹੇ ਉਸ ਵੇਖੀ ਸੀ, ਪਰ ਇਹ ਚੰਦਰੀ ਲੋਹੜੀ ਉਸ ਦੇ ਰੰਗ, ਹਾਸੇ ਤੇ ਚਾਅ ਸਭ ਦੇ ਸਭ ਸਾੜ ਕੇ ਰਾਖ ਕਰ ਗਈ ਸੀ—'

ਚਲ ਰਹੇ ਰੇਡੀਓ ਦਾ ਗਲਾ ਘੁਟੀ ਫਿਰ ਬੈਠ ਗਈ। ਦੁਪੱਟੇ ਦਾ ਅਗਲਾ ਹਿੱਸਾ ਗਿੱਲਾ ਹੋ ਹੋ ਤ੍ਰਿਪ ਤ੍ਰਿਪ ਕਰ ਕੇ ਰੋਣ ਲਗ ਪਿਆ ਸੀ। ਰੇਡੀਓ ਆਪਣੀ ਤਲਖ਼ ਆਵਾਜ਼ ਵਿੱਚ ਸਰਕਾਰ ਵਲੋਂ ਸੋਗ ਤੇ ਹਮਦਰਦੀ ਦੇ ਸੁਨੇਹੇ ਪ੍ਰਸਾਰਿਤ ਕਰ ਰਿਹਾ ਸੀ। ਹਮਦਰਦੀ ਦੇ ਸੁਨੇਹੇ ਲਹਿਰਾਂ ਦੇ ਹੱਥ ਚਿੱਟੇ ਦੁਪੱਟਿਆਂ ਵਾਲੀਆਂ ਮੁਟਿਆਰਾ, ਸਿਰ-ਲੱਥੇ ਬਚਿਆਂ ਤੇ ਰਖੜੀ ਲੈ ਉਡੀਕ ਰਹੀਆਂ ਭੈਣਾਂ ਤਕ ਪੁਜਦੇ ਕੀਤੇ ਜਾ ਰਹੇ ਸਨ.....। ਪਰ ਕਿਸੇ ਸੁਨੇਹੇ ਵਿਚ ਵੀ ਕੋਈ ਦਰਦ, ਸੋਚ ਤੇ ਦੁਖ ਦੀ ਕੋਈ ਚਿਣਗ ਨਹੀਂ ਸੀ--ਜੋ ਅਕਸਰ ਆਪਣੇ ਦੁਖ ਵਿਚ ਹੁੰਦੀ ਹੈ। ਉਹ ਸਵੇਰੇ ਦੀ ਸੁਨੇਹੇ ਸੁਣ ਰਹੀ ਸੀ ਤੇ ਇੰਜ ਮਹਿਸੂਸ ਕਰ ਰਹੀ ਸੀ ਜਿਵੇਂ ਇਹ ਹਰ ਸੁਨੇਹਾ ਉਸ ਦੇ ਦੁਪੱਟੇ ਦੇ ਚਿੱਟੇ ਰੰਗ ਤੇ ਹੱਸ ਰਿਹਾ ਹੋਵੇ। —ਤੇ ਇਹ ਸੋਚਦੀ ਸੋਚਦੀ ਉਹ ਫਿੱਸ ਪਈ, ਇਕ ਉਬਾਲ ਉਸ ਅੰਦਰੋਂ ਫੁਟ ਪੈਂਦਾ। ਉਬਾਲਾਂ ਵਿਚ ਉਬਲਦੀ ਉਬਲਦੀ ਉਹ ਉਹ ਨਾ ਰਹਿੰਦੀ......।

ਬੁੱਢੀ ਸੱਸ ਸਾਮ੍ਹਣੀ ਮੰਜੀ ਤੇ ਬੈਠੀ ਝੂਰ ਰਹੀ ਸੀ। ਉਸ ਦੇ ਚਿਹਰੇ ਦੀਆਂ ਡੂੰਘੀਆਂ ਲਕੀਰਾਂ ਚੀਕਣੀ ਮਿੱਟੀ ਦੇ ਪਾੜਾਂ ਵਾਂਗੂ ਵਖੋ-ਵਖੋ ਸਾਫ਼ ਸਾਫ਼ ਉਭਰ ਆਈਆਂ ਸਨ। ਉਸ ਦੇ ਚਿਹਰੇ ਦੀ ਹਰ ਰੇਖਾ ਹਰ ਵਖਰੇ ਯੁਧ ਦੀ ਪੂਰੀ ਕਹਾਣੀ ਸੀ। ਆਪਣੇ ਇਨ੍ਹਾਂ ਦੀਦਿਆਂ ਸਾਹਵੇਂ ਉਸ ਆਪ

ਆਪਣੀ ਹੱਥੀਂ ਆਪਣੇ ਵੀਰ, ਦੇਵਰ ਤੇ ਸਿਰ ਦਾ ਸਾਈਂ ਤੋਰਿਆ ਸੀ। ਤੇ ਉਹ ਵੀ ਪਹਿਲਾਂ ਪਹਿਲਾਂ ਬੈਠੀ ਬੈਠੀ ਉਨ੍ਹਾਂ ਦੇ ਮੁੜਨ ਦੀ ਬਿੜਕ ਰਖਦੀ, ਪਰ ਕੋਈ ਨਹੀਂ ਆਇਆ—ਹੁਣ ਉਸ ਨੂੰ ਪਤਾ ਹੈ ਕਿ ਜਾਣ ਵਾਲੇ ਕਦੇ ਨਹੀਂ ਮੁੜਦੇ, ਪਰ ਉਹ ਆਪਣੀ ਉਡੀਕ ਰਹੀ ਨੂੰਹ ਨੂੰ ਕੀ ਆਖੇ—ਜੋ ਸਭ ਜਾਣਦੀ ਹੋਈ ਵੀ ਹਾਲੇ ਵੀ ਉਡੀਕ ਲਾਈ ਬੈਠੀ ਰਹਿੰਦੀ ਹੈ। ਬੁੱਢੀ ਮਾਂ ਆਪਣੇ ਪੁਤ ਦੀ ਵਹੁਟੀ ਦੇ ਅੱਲੇ ਜ਼ਖਮ ਨੂੰ ਫਜ਼ੂਲ ਢਾਰਸਾਂ ਨਾਲ ਭਰਨਾ ਚਾਹੁੰਦੀ ਸੀ। ਪਰ ਉਸ ਦਾ ਅੰਦਰਲਾ ਰੂਹ ਨਹੀਂ ਮੰਨ ਰਿਹਾ ਸੀ। ਉਸ ਨੂੰ ਪਤਾ ਸੀ ਕਿ ਸਦਾ ਵਾਂਗ ਹੀ, ਇਸ ਵੇਰ ਵੀ ਇਸ ਲੜਾਈ ਦੀ ਹਾਰ ਸਭੋ ਵਟਗੀਆਂ ਅਨੇਕਾਂ ਇਸਤ੍ਰੀਆਂ ਨੂੰ ਝਲਣੀ ਪਵੇ ਗੀ......। ਲੜਾਈ ਵਿਚ ਭਾਵੇਂ ਜਿੱਤ ਵੀ ਕੋਈ ਨਾ ਹੋਵੇ ਹਾਰ, ਸਾਡੀ ਜਾਤ ਦੀ ਜ਼ਰੂਰ ਹੋਵੇ ਗੀ. ਬੁਢੀ ਮਾ ਆਪਣੇ ਅੰਦਰ ਅਜਿਹੀਆਂ ਦਲੀਲਾਂ ਦਾ ਘੋਲ ਕਟਵਾ ਰਹੀ ਸੀ।

ਸੱਸ ਤੇ ਨੂੰਹ ਜ਼ਿੰਦਗੀ ਦੇ ਦੂਸਰੇ ਕੰਢੇ ਬੈਠੀਆਂ, ਸੋਚਾਂ ਦੇ ਤਾਣੇ ਤਣ ਰਹੀਆਂ ਸਨ। ਦੋ ਹਫਤਿਆਂ ਦੀ ਜੰਗ, ਗ਼ੁਲਾਮੀ ਵਿਰੁਧ ਜਹਾਦ, ਤੋਪਾਂ ਦੀ ਗੜ੍ਹੂੰਜ, ਟੈਂਕਾਂ ਦੀ ਦੌੜ, ਹਵਾਈ ਬੰਬਾਰੀ ਤੇ ਮੌਤ ਦੇ ਗੁਬਾਰੇ ਲਗਾਤਾਰ ਧਰਤੀ ਦੀ ਦੱਬੀ ਹਿੱਕ ਤੇ ਡਿਗਦੇ ਰਹੇ। ਹਰ ਪਲ ਆਪਣੇ ਅਹਿਸਾਸ ਅੰਦਰ ਕਈ ਸੁਹਾਗ ਤੇ ਗੂਹੜੇ ਲਾਲ ਰੰਗ ਮਿਟੀ ਕਰਦਾ ਗਿਆ। ਇਸ ਖ਼ੂਨ ਖ਼ਰਾਬੇ ਤੇ ਚੀਕ-ਚਿਹਾੜੇ 'ਚੋਂ ਇਕ ਦਿਨ ਰੇਡੀਓ ਬੋਲਿਆ :—

'......ਬਾਂਗਲਾ ਅਜਾਦ ਹੋ ਗਿਆ......
ਦੁਨੀਆਂ ਦੇ ਨਕਸ਼ੇ ਤੇ ਇਕ ਨਵਾਂ ਦੇਸ਼ ਉਭਰ ਆਇਆ ਹੈ......'

ਦੁਨਿਆਵੀ ਜ਼ਿੰਦਗੀ ਨੇ ਫਿਰ ਸਾਹ ਲਿਆ। ਪਰ ਇਸ ਸਾਹ ਵਿਚ ਮਹਿਕ ਭਰੀ ਹਵਾ ਦੀ ਥਾਂ ਗੈਸਾਂ ਦੀ ਕੁੜੱਤਣ ਨੇ ਲੈ ਲਈ ਸੀ। ਸਰਕਾਰਾਂ ਦੀ ਜਿੱਤ ਹੋ ਗਈ ਸੀ—ਅਜ਼ਾਦੀ ਮਿਲ ਗਈ ਸੀ—। ਪਰ ਆਦਮੀ ਅੰਦਰਲਾ ਆਦਮੀ ਹਾਰ ਗਿਆ ਸੀ। ਉਹ ਆਦਮੀ ਜੋ ਬੁੱਧ ਤੇ ਨਾਨਕ ਦੀ ਹਮ-ਉਮਰਾ ਸੀ।

ਪਰ ਨੌਕਰਾਂ ਦੀਆ ਤਾਰਾਂ ਨੇ ਹਰ ਪਿੰਡ ਵਿਨਾਹ ਲੈ ਆਂਦਾ ਸੀ, ਹਰ ਘਰ ਹੋਣੀ ਨੇ ਪੈਰ ਪਾਇਆ ਸੀ। ਹਰ ਘਰ 'ਚੋਂ ਵੈਣਾਂ ਤੇ ਅਲਾਹੁਣੀਆਂ ਦੀਆਂ ਆਵਾਜ਼ਾ ਉੱਚੀਆਂ ਹੋ ਰਹੀਆਂ ਸਨ। ਪਿੰਡਾਂ ਦੀਆਂ ਵਹੁਟੀਆ ਵਿਧਵਾਵਾਂ ਵਿੱਚ ਵਟਦੀਆਂ ਜਾ ਰਹੀਆਂ ਸਨ। ਪਰ ਸ਼ਹਿਰਾਂ ਦੀਆਂ ਔਰਤਾਂ ਖ਼ੁਸ਼ੀ ਵਿਚ ਮਿਠਿਆਈਆਂ ਵੰਡ ਰਹੀਆਂ ਸਨ। ਇਕ ਤਕੜਾ ਹਜੂਮ ਆਪਣੇ ਆਪਣੇ ਲਾਲ ਸੂਹੇ ਰੰਗ ਨੂੰ ਰੋ ਰੋ ਸਹਿਣ ਰਿਹਾ ਸੀ—

ਫ਼ੌਜਣਾਂ ਦੇ ਫ਼ੌਜੀ ਨਹੀਂ ਪਰਤੇ ਸਨ ਤੇ ਸ਼ਾਇਦ ਉਹ ਹੁਣ ਕਦੇ ਨਹੀਂ ਪਰਤਣ ਗੇ। ਹਾਂ, ਉਨ੍ਹਾਂ ਦੇ ਟ੍ਰੰਕ, ਬਿਸਤਰੇ ਪਾਸ-ਬੁਕਾਂ ਤੇ ਆਖ਼ਰੀ ਸੁਨੇਹੇ ਸਰਕਾਰੀ ਗੱਡੀਆਂ ਨਾਲ ਲਗੇ ਉਨ੍ਹਾਂ ਤੱਕ ਪੁਜ ਰਹੇ ਸਨ। ਹਰ ਲਾੜੀ ਆਪਣੇ ਤੁਰ ਚੁਕੇ ਲਾੜੇ ਦੀਆਂ ਯਾਦਾਂ ਨੂੰ ਚੁੰਮ ਚੁੰਮ ਮਰ ਰਹੀ ਸੀ—।

ਉਹ ਸ਼ਹੀਦ ਹੋ ਗਏ ਸਨ। ਅਖ਼ਬਾਰਾਂ ਨੇ ਉਨ੍ਹਾਂ ਦੇ ਕਾਰਨਾਮੇ ਛਾਪ ਛਾਪ ਪੈਸੇ ਕਮਾਏ ਸਨ। ਲੀਡਰਾਂ ਨੇ ਸਰਹਦਾਂ ਤੇ ਉਨ੍ਹਾਂ ਨੂੰ ਫਲ ਦੇ ਕੇ ਤਸਵੀਰਾਂ ਖਿਚਵਾਈਆਂ ਸਨ। ਰੇਡੀਓ ਨੂੰ ਬਾਰ ਬਾਰ ਖ਼ਬਰਾਂ ਦੇ ਦੇ ਸਮਾਂ ਪੂਰਾ ਕਰਨ ਦਾ ਬਹਾਨਾ ਲਭ ਪਿਆ ਸੀ। ਪਰ ਉਡੀਕ ਰਹੀਆ ਜਿੰਦਾਂ ਨੂੰ ਕੋਈ ਮਿਲਣ ਨਹੀਂ ਆ ਰਿਹਾ ਸੀ। ਸ਼ਾਇਦ ਉਨ੍ਹਾਂ ਨੂੰ ਮਿਲਣ ਲਈ ਕਿਸੇ ਖ਼ਾਸ ਵੀਜ਼ੇ ਦੀ ਜ਼ਰੂਰਤ ਹੋਵੇ—?

ਕਿਸੇ ਨੇ ਆ ਕੇ ਉਨ੍ਹਾਂ ਨੂੰ ਦਿਲਾਸਾ ਨਹੀਂ ਦਿੱਤਾ। ਸੋਗ ਦੀਆਂ ਸਰਕਾਰੀ ਚਿੱਠੀਆਂ ਜੋ ਅੰਗਰੇਜ਼ੀ ਵਿਚ ਸਨ ਨੂੰ ਫੜੀ ਉਹ ਪੜ੍ਹਿਆਂ-ਲਿਖਿਆਂ ਦੇ ਘਰ ਘਰ ਧਕੇ ਖਾ ਰਹੀਆਂ ਸਨ।

ਉਨ੍ਹਾਂ ਦੇ ਸੂਹੇ ਗੁਲਾਬਾਂ ਨੇ ਗੁਆਂਢੀਆਂ ਦੀ ਗ਼ੁਲਾਮੀ ਲਈ ਆਪਣੀਆਂ ਕੁਰਬਾਨੀਆਂ ਦੇ ਦਿੱਤੀਆਂ ਸਨ। ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਉਨ੍ਹਾਂ ਪਿਛੋਂ ਉਨ੍ਹਾਂ ਦੀਆਂ ਮਾਵਾਂ, ਭੈਣਾਂ, ਧੀਆਂ ਤੇ ਬਚੇ ਸਦਾ ਲਈ ਗੁਲਾਬ ਬਣ ਜਾਣ ਗੇ। ਲੀਡਰ ਆਪਣੀ ਜਿੱਤ ਤੇ ਖ਼ੁਸ਼ ਸਨ, ਪਰ ਕਿਸੇ ਨੂੰ ਉਸ ਦੇਸ਼ ਦਾ ਕੋਈ ਅਹਿਸਾਸ ਨਹੀਂ ਸੀ ਜੋ ਸਿਸਕੀਆਂ, ਹੌਕਿਆਂ, ਪੀੜਾਂ ਤੇ ਚੀਸਾਂ ਦੀਆਂ ਮੰਗਾਂ ਲਈ ਆਪਣੀ ਹੋਂਦ ਦੀ ਮੰਗ ਕਰ ਰਿਹਾ ਸੀ।

ਯਤੀਮਾਂ, ਵਿਧਵਾਵਾਂ ਦਾ ਦੇਸ਼ ਜੋ ਆਪਣਾ ਆਕਾਰ ਫੈਲਾਈ ਸੰਸਾਰ ਦੇ ਨਕਸ਼ੇ ਤੇ ਆਪਣੀ ਥਾਂ ਲਭ ਰਿਹਾ ਸੀ। ਪਰ ਅਜਿਹੇ ਦੇਸ਼ ਲਈ ਸੰਸਾਰ ਦੇ ਨਕਸ਼ੇ ਤੇ ਕੋਈ ਥਾਂ ਨਹੀਂ ਹੈ—

ਕਲ੍ਹ ਵਿਧਵਾਵਾਂ ਨੂੰ ਇਕ ਇਕ ਸਿਲਾਈ-ਮਸ਼ੀਨ ਦੇ ਕੇ ਉਨ੍ਹਾਂ ਦੇ ਗਭਰੂਆਂ ਦੀ ਕੁਰਬਾਨੀ ਦਾ ਮੁਲ ਗਿਣਿਆ ਜਾਏ ਗਾ। ਮਸ਼ੀਨਾਂ ਇਸ ਲਈ ਕਿ ਉਹ ਆਪਣੇ ਪਾਟੇ ਦਿਲ


ਕੈਨੇਡਾ ਦੇ ਨੌਜਵਾਨ ਕਵੀ ਤੇ ਕਹਾਣੀਕਾਰ ਸਾਧੂ ਦੇ ਕਾਵਿ-ਸਫ਼ਰ
ਦੀ ਪਹਿਲੀ ਪ੍ਰਭਾਵਸ਼ਾਲੀ ਪ੍ਰਾਪਤੀ :

ਸੋਨੇ ਰੰਗੀ ਸੜਕ

ਸਮਕਾਲੀ-ਸਮੱਸਿਆਵਾਂ
ਦਾ ਸਾਰਥਕ ਤੇ ਸਪੱਸ਼ਟ
ਕਾਵਿ-ਚਿਤ੍ਰਣ

ਕੀਮਤ :
ਇਕ ਡਾਲਰ

ਫ਼ੋਨ
434-6498/437-9014

ਸਿਉਂ ਸਕਣ—ਤੇ ਇਸ ਲਈ ਕਿ ਮਸ਼ੀਨ ਦੀ ਹੱਥੀ ਤੇ ਹੱਥ ਰੱਖ ਕੇ ਰੋਟੀ ਮੰਗ ਸਕਣ। ਪਰ ਕੀ ਇਹ ਮਸ਼ੀਨਾਂ ਉਨ੍ਹਾਂ ਨਾਲ ਕੋਈ ਦੁਖ-ਸੁਖ ਫੋਲ ਸਕਣ ਗੀਆਂ। ਲੋਹੇ ਦੀਆਂ ਹੱਡੀਆਂ ਉਨ੍ਹਾਂ ਦੇ ਗਲਾਂ ਵਿਚ ਬਾਹਵਾਂ ਪਾ ਕੇ ਕਦੇ ਪਿਆਰ ਕਰ ਸਕਣ ਗੀਆਂ—ਕੁਆਰੀਆਂ ਸੱਧਰਾਂ ਤੇ ਅੱਥਰੇ ਚਾਅ ਕਿਹੜੀ ਕਬਰ ਦੇ ਮੋਚੇ ਆ ਸਕਣ ਗੇ—

ਰੇਲਵੇ ਦੇ ਕਰਮਚਾਰੀਆਂ ਦੀਆਂ ਵਿਧਵਾ ਪਤਨੀਆਂ ਨੂੰ ਦੋ ਦੋ ਹਜ਼ਾਰ ਰੁਪਏ ਦਿੱਤੇ ਜਾ ਰਹੇ ਹਨ, ਤਾਂ ਕਿ ਉਹ ਮਰ ਗਏ ਖਸਮਾਂ ਦੀ ਥਾਂ ਨਵੇਂ ਖਸਮਾਂ ਤੇ ਚਾਦਰ ਪਾਉਣ ਦਾ ਸ਼ੌਂਕ ਪੂਰਾ ਕਰ ਸਕਣ—

ਕਲ੍ਹ ਹੀ ਸ਼ਹੀਦਾਂ ਦੇ ਸਨਮਾਨ ਦਾ ਸਰਕਾਰੀ ਦਿਨ ਸੀ, ਦਿਨ ਜੋ ਇਕ ਸਮਾਗਮ ਹੈ। ਕਰਨੈਲਾਂ ਤੇ ਜਰਨੈਲਾਂ ਨੂੰ ਪੁਰਸਕਾਰ, ਇਨਾਮ ਤੇ ਸਨਮਾਨ ਦਿੱਤੇ ਜਾ ਰਹੇ ਹਨ। ਪਰ ਵਤਨ ਦੀ ਆਨ ਲਈ ਮਰ ਮਿਟਣ ਵਾਲੇ ਸ਼ਹੀਦਾਂ ਦੀਆਂ ਪਤਨੀਆਂ ਨੂੰ ਕਾਲੇ ਕਾਗਜ਼ਾਂ ਤੇ ਉਕਰੇ ਚਿਟੇ ਅਖਰਾਂ ਦੇ ਹਮਦਰਦੀ-ਪੱਤਰ ਫੜਾਏ ਜਾ ਰਹੇ ਸਨ। ਪ੍ਰੈਸ ਤੇ ਸਰਕਾਰ ਇਹ ਕਾਲੇ-ਚਿੱਟੇ ਹਮਦਰਦੀ ਪੱਤਰ ਦਿੰਦਿਆਂ, ਵਿਧਵਾਵਾਂ ਦੀਆਂ ਤਸਵੀਰਾਂ ਲੈ ਰਹੇ ਸਨ—ਤਾਂ ਕਿ ਲੋਕਾਂ ਨੂੰ ਦਿਖਾਇਆ ਜਾ ਸਕੇ—!

ਉਹ ਇਹ ਪੱਤਰ ਫੜੀ, ਇਸ ਨੂੰ ਆਪਣੇ ਉਮਰ ਜਿੰਨੇ ਲੰਮੇ ਗ਼ਮ ਨਾਲ ਮਿਲਣਾ ਚਾਹੁੰਦੀ ਸੀ, ਪਰ ਇਹ ਅੱਖਰ ਉਸ ਦੇ ਦੁਖ ਦੇ ਹਮ-ਉਮਰ ਨਹੀਂ ਸਨ। ਆਪਣੇ 'ਚੰਨ' ਦੀ ਪ੍ਰਸ਼ੰਸਾ ਦੇ ਸ਼ਬਦ ਸੁਣਦਿਆਂ ਸੁਣਦਿਆਂ ਉਸ ਦੀਆਂ ਅੱਖਾਂ ਸਾਹਵੇਂ ਉਸ ਦੀ ਤਸਵੀਰ ਘੁੰਮ ਗਈ—ਤੇ ਯਾਦ ਵਿਚ ਦੋ ਹੰਝੂ ਕਾਲੇ ਕਾਗਜ਼ ਦੇ ਚਿੱਟੇ ਅੱਖਰਾਂ ਤੇ ਜਾ ਪਏ ਜਿਵੇਂ ਉਹ ਇਸ ਪ੍ਰਸ਼ੰਸਾ-ਪੱਤਰ ਦੀ ਇਬਾਰਤ ਬਦਲਣਾ ਚਾਹੁੰਦੇ ਹੋਣ—

---

-ਸਫ਼ਾ 43 ਤੋਂ ਅੱਗੇ-

ਚੜ੍ਹ ਜਾਂਦਾ ਹੈ। )

ਦੂਜਾ — ਕੀ ਅਨੇਕਾਂ ਆਦਮੀ ਗੁਆਚੇ ਸੁਰਗ ਦੀ ਤਲਾਸ਼ ਵਿਚ ਨਹੀਂ ਫਿਰਦੇ ? ਅਸੀਂ ਸੰਤੁਸ਼ਟ ਹੋ ਜਾਵਾਂਗੇ ਜੇ ਸਾਨੂੰ ਸਾਡੀਆਂ ਪੂਛਾਂ ਵਾਪਸ ਮਿਲ ਜਾਣ। ਬੜੀ ਮਾੜੀ ਗੱਲ ਹੈ ਕਿ ਛੋਟੇ ਛੋਟੇ ਕੁੱਤਿਆਂ ਦੀਆਂ ਵੱਡੀਆਂ ਵੱਡੀਆਂ ਪੂਛਾਂ ਹੋਣ ਤੇ ਵੱਡੇ ਵੱਡੇ ਕੁੱਤਿਆਂ ਦੀਆਂ ਨਿੱਕੀਆਂ ਨਿੱਕੀਆਂ। ਇਹ ਸੱਚਮੁੱਚ ਹੀ ਹਾਸੋਹੀਣੀ ਗੱਲ ਹੈ।

ਪਹਿਲਾ — (ਬਦੋਬਦੀ ਪਲੇਟਫ਼ਾਰਮ ਤੇ ਚੜ੍ਹਦਾ ਹੋਇਆ) ਹਾਂ, ਅਸੀਂ ਪੂਛਾਂ ਦੀ ਈਮਾਨਦਾਰਾਨਾ ਵੰਡ ਚਾਹੁੰਦੇ ਹਾਂ — ਹਰ ਕੁੱਤੇ ਨੂੰ ਉਸ ਦੀ ਆਪਣੀ ਪੂਛ — ਇਸ ਤੋਂ ਘਟ ਕੁਝ ਨਹੀਂ। ਕੁੱਤਿਓ — ਇਕ ਜੁੱਟ ਹੋ ਜਾਓ। ਸੁੰਘਦੇ ਰਹੋ, ਜਦ ਤੱਕ ਤੁਹਾਡੀਆਂ ਪੂਛਾਂ ਲੱਭ ਨਹੀਂ ਜਾਂਦੀਆਂ। ਇਹ ਹੱਕ ਛੱਡਿਆ ਨਹੀਂ ਜਾ ਸਕਦਾ। ਬਾਕੀ ਫੇਰ ਦੇਖਾਂਗੇ।

ਦੂਜਾ — ਆਓ ਇਸ ਉਕਤਾਹਟ ਤੋਂ ਮੁਕਤੀ ਪਾਈਏ। ਜਲਦੀ ਕਰੋ। ਆਪਣੀਆਂ ਆਪਣੀਆਂ ਪੂਛਾਂ ਦੀ ਤਲਾਸ਼ ਕਰੋ (ਗੋਲੀ ਚਲਣ ਦੀ ਆਵਾਜ਼, ਨਾਕਾਬੰਦੀ ਤੋਂ ਬਾਅਦ ਆਵਾਜ਼ਾਂ ਆ ਰਹੀਆਂ ਹਨ) ਕੀ ਹੋ ਰਿਹਾ ਏ ?

ਪਹਿਲਾ — ਆਦਮੀ ਹਨ — ਸਾਡੇ ਪਰਮ ਮਿੱਤਰ।

(ਇਕ ਮਸ਼ੀਨਗਨ ਦਾ ਫ਼ਾਇਰ ਦੋਹਾਂ ਕੁੱਤਿਆਂ ਨੂੰ ਢੇਰੀ ਕਰ ਦੇਂਦਾ ਹੈ। ਉਹ ਇਕ ਦੂਜੇ ਦੀਆਂ ਪੂਛਾਂ ਸੁੰਘਦੇ ਡਿੱਗ ਪੈਂਦੇ ਹਨ। )

-ਸਫ਼ਾ 33 ਤੋਂ ਅੱਗੇ-

ਦੂਜਾ ਹਲ੍ਹ ਵੀ ਮੰਗਣਾ ਸੀ, ਕਲ੍ਹ ਦਾ ਦਿਨ ਪਛੜ ਗਏ ਤਾਂ ਪਰਾਂ ਬਾਈ ਕਿਆਂ ਨੇ ਆਪਣੀ ਵਾਹੁਣ ਲਗ ਪੈਣਾ ਸੀ – ਹਰ ਕੋਈ ਆਵਦੀ ਸੋਚਦੈ, ਉੱਤੋਂ ਇਹ ਨਰਮੇ ਵਦ ਕੇ ਹਾੜ੍ਹੀ ਵੀਜ਼ਣ ਦੇ ਲਾਲਚ ਨੇ ਲੋਕਾਂ ਨੂੰ ਐਸੇ ਗਧੀਗੇੜ 'ਚ ਪਾਇਐ, ਬਈ ਕੋਈ ਮੰਗਿਆ ਖੁਰਪਾ ਨੀਂ ਦਿੰਦਾ, ਜੀਹਨੂੰ ਪੁੱਛੋ ਪੋਲਾ-ਜਿਆ ਮੂੰਹ ਕਰਕੇ ਆਖੂ, 'ਆਹਾਂ ਭਰਾਵਾ ਅਸੀਂ ਆਪ ਹੁਣੇ ਖੇਤ ਨੂੰ ਚੱਲੇ ਐਂ'। ਨਵੇਂ ਸੰਦ ਬੰਦਾ ਆਪ ਕਿੰਨੇ ਕੁ ਬਣਾ ਲਏ...?

ਵਿਹੜੇ ਦੇ ਬੂਹਿਓਂ ਬਾਹਰ ਨਿਕਲਦਿਆਂ ਈ ਉਹਦੀ ਤੋਰ ਤਿੱਖੀ ਹੋ ਗਈ ਸੀ ਤੇ ਸਿਰ ਇਹਨਾਂ ਸੋਚਾਂ ਨਾਲ ਝੁਕ ਗਿਆ ਸੀ। ਮ੍ਹਨੋਂ ਨੇ ਉਠ ਕੇ, ਮਝ ਦਾ ਗੋਹਾ ਹਟਾਣ ਦੇ ਬਹਾਨੇ ਉਹਨੂੰ ਬੂਹਿਓਂ ਬਾਹਰ ਜਾਂਦੇ ਨੂੰ ਵੇਖਿਆ। ਤੇ ਫੇਰ ਕੋਠੜੀ ਅੰਦਰ ਆ ਕੇ, ਟਾਂਡ ਉਤੇ ਪਿਆ ਸਾਰਾ ਨਿੱਕ-ਸੁੱਕ, ਮੋਰਨੀਆਂ ਵਾਲੇ ਝੋਲੇ ਵਿਚ ਪਾ ਕੇ, ਝੋਲਾ ਪੇਟੀ ਵਿਚ ਸਾਂਭ ਦਿਤਾ।

---

'ਸੁਲਗਦੇ ਅਹਿਸਾਸ'
ਤੋਂ ਪਿੱਛੋਂ
ਇਕਬਾਲ ਰਾਮੂਵਾਲੀਆ
ਦਾ ਦੂਜਾ
ਕਾਵਿ-ਸੰਗ੍ਰਹਿ
ਇਕਬਾਲ
ਛੇਤੀ ਹੀ ਛਪ ਰਿਹਾ ਹੈ।

ਮਿੰਨੀ ਕਹਾਣੀਆਂ :



## ਨਕਲ/ਸੁਲੱਖਣ ਮੀਤ

ਇਮਤਿਹਾਨ ਹੋ ਰਹੇ ਸਨ।

ਮੇਰੀ ਸੁਪਰਵਾਈਜ਼ਿੰਗ ਦੀ ਡਿਊਟੀ ਸੀ।

ਅੱਜ ਜਦੋਂ ਮੈਂ ਸੁਪਰਵਾਈਜ਼ਿੰਗ ਦੀ ਡਿਊਟੀ ਦੇ ਰਿਹਾ ਸਾਂ ਤਾਂ ਕੀ ਦੇਖਿਆ ਕਿ ਇੱਕ ਟੈਰਾਲੀਨ ਦਾ ਕੁਰਤਾ ਇੱਕ ਖੱਦਰ ਦੇ ਕੁਰਤੇ ਦੀ ਨਕਲ ਮਾਰ ਰਿਹਾ ਸੀ। ਮੈਂ ਉਸ ਨੂੰ ਕਈ ਵਾਰ ਹਟਾਇਆ, ਪਰ ਉਹ ਨਾ ਹਟਿਆ।

ਖੱਦਰ ਦੇ ਕੁਰਤੇ ਬਰਾਬਰ ਬੈਠੀ ਮਲਮਲ ਦੀ ਇੱਕ ਚੁੰਨੀ ਨੇ ਮੇਰੀ ਵੀ ਪਰਵਾਹ ਨਾ ਕਰਦਿਆਂ ਆਖਰ ਖੱਦਰ ਦੇ ਕੁਰਤੇ ਨੂੰ ਡਾਂਟਿਆਂ, "ਤੂੰ ਇਹਨਾਂ ਲੋਕਾਂ ਨੂੰ ਕਿਉਂ ਨਕਲ ਮਰਵਾਈ ਜਾਨੈ, ਜਦ ਇਹ ਜੀਵਨ 'ਚ ਸਾਨੂੰ ਤਾਂ ਆਪਣੀ ਨਕਲ ਨਹੀਂ ਮਾਰਨ ਦੇਂਦੇ।"

ਮੈਨੂੰ ਲੱਗਾ, ਜਿਵੇਂ ਪ੍ਰੀਖਿਆ ਹਾਲ ਦੀਆਂ ਕੰਧਾਂ ਕੰਬ ਰਹੀਆਂ ਹੋਣ।

## ਲੇਬਲ/ਦਲਜੀਤ ਗਿੱਲ

ਬਠਿੰਡੇ ਤੋਂ ਲੁਧਿਆਣੇ ਜਾਣ ਵਾਲੀ ਬਸ ਖੱਚਾ-ਖੱਚ ਭਰੀ ਪਈ ਸੀ। ਦੋ ਦੋ ਸੀਟਾਂ ਵਾਲੀਆਂ ਤੇ ਤਿੰਨ ਤਿੰਨ ਸਵਾਰੀਆਂ ਬੈਠੀਆਂ ਸਨ। ਇਕ ਸੀਟ ਤੇ ਦੋ ਨੌਜਵਾਨ ਮੁੰਡੇ ਬੈਠੇ ਸਨ ਤੇ ਉਨ੍ਹਾਂ ਦੇ ਨਾਲ ਹੀ ਇਕ ਸੁੰਦਰ ਮੁਟਿਆਰ ਖੜੀ ਸੀ। ਉਨ੍ਹਾਂ ਨੇ ਥੋੜਾ ੨ ਖਿਸਕ ਕੇ ਉਸ ਲਈ ਜਗ੍ਹਾ ਬਣਾ ਲਈ। ਉਨ੍ਹਾਂ 'ਚੋਂ ਇਕ ਨੇ ਉਸ ਨੂੰ ਬੈਠਣ ਲਈ ਕਿਹਾ। ਲੰਬੇ ਸਫਰ 'ਚ ਕੌਣ ਬੈਠਣ ਤੋਂ ਨਾਂਹ ਕਰਦਾ ਹੈ – ਉਹ ਕਹਿੰਦਿਆਂ ਸਾਰ ਬੈਠ ਗਈ।

ਬਸ ਚਲ ਪਈ। ਉਹ ਹੁਣ ਆਪਸ ਵਿਚ ਕਾਫੀ ਖੁਲ ਗਏ ਸਨ। ਉਹ ਕਦੇ ਕਾਲਜ ਦੀਆਂ ਹੜਤਾਲਾਂ ਬਾਰੇ, ਕਦੇ ਸਮਾਜ ਬਾਰੇ ਤੇ ਕਦੇ ਕਿਸੇ ਪਖੰਡੀ ਸੰਤ ਬਾਰੇ ਗੱਲਾਂ ਕਰਨ ਲਗ ਪੈਂਦੇ।

ਬਸ ਬਰਨਾਲੇ ਆ ਕੇ ਰੁਕੀ। ਦਸ ਮਿੰਟ ਬਸ ਠਹਿਰਣ ਦਾ ਸਮਾਂ ਸੀ। ਉਹ ਦੋਵੇਂ ਨੌਜਵਾਨ ਉਤਰ ਕੇ ਥੋੜਾ ਜਿਹਾ ਪਰ੍ਹਾਂ ਨੂੰ ਜਾ ਰਹੇ ਸਨ। ਉਨ੍ਹਾਂ ਵਿਚੋਂ ਜਿਹੜਾ ਉਸ ਕੁੜੀ ਦੇ ਨਾਲ ਬੈਠਾ ਸੀ-ਕਹਿ ਰਿਹਾ ਸੀ,

'ਸੁਖਬੀਰ, ਯਾਰ ਮਾਲ ਤਾਂ ਚੰਗਾ ਏ।'

'ਪਰ ਜੀਤ, ਤੂੰ ਤਾਂ ਉਸਨੂੰ ਭੈਣ ਕਹਿੰਦਾ ਸੀ।'

'ਭੈਣ ਕਹਿਣ ਨਾਲ ਭੈਣ ਦਾ ਲੇਬਲ ਤਾਂ ਨਹੀਂ ਲਗ ਜਾਂਦਾ, ਯਾਰ।'

'ਹਾਂ ਜੀਤ, ਤੇਰੀ ਆਪਣੀ ਵੀ ਭੈਣ ਤਾਂ ਹੈ ਨਾ, ਉਸਨੂੰ ਵੀ ਤੂੰ ਭੈਣ ਕਹਿੰਦਾ ਏਂ, ਉਸਤੇ ਕਿਹੜਾ ਭੈਣ ਦਾ ਲੇਬਲ ਲੱਗਾ ਹੋਇਆ ਏ?' ਸੁਖਬੀਰ ਦੇ ਮੂੰਹੋਂ ਸੱਚ ਨਿਕਲ ਗਿਆ, ਆਪਣੀ ਆਦਤ ਅਨੁਸਾਰ।

ਜੀਤ ਸੁਣਿਆ - ਅਣ - ਸੁਣਿਆ ਕਰਕੇ ਹੱਸਣ ਲੱਗਾ। ਪਰ ਦਿਲ ਉਸਦਾ ਸੁਖਬੀਰ ਦੇ ਬੋਲਾਂ ਨਾਲ ਵਿੰਨਿਆ ਗਿਆ।

ਬਸ ਮੁੜ ਤੁਰੀ ਤਾਂ ਉਹ ਦੋਵੇਂ ਚੁੱਪ ਸਨ। ਕੁੜੀ ਵੀ ਅਰਾਮ ਨਾਲ ਬੈਠੀ ਇਕ ਮੈਗਜ਼ੀਨ ਦੇ ਪੰਨੇ ਉਲਟਣ ਲੱਗੀ।

❋

FOR

LIFE INSURANCE

EDUCATION PLAN

MORTGAGE PLAN

Retirement registered Saving Plan and all other kinds of insurance

Contact

# DALJIT SANDHU

੭

## National Life of Canada

Suite 501, 1155—West Pender Street
Vancouver, B.C. Phone: 685-7231

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ ਅਤੇ ਤਜਰਬੇਕਾਰ ਸਹਾਇਕ :-

## ਦਲਜੀਤ ਸੰਧੂ



| Office | Residence |
|---|---|
| 685-7231 | 278-0491 |



BUYING, SELLING, TRADING?
TWO PROFESSIONAL SALESMEN TO SERVE YOU AND YOUR PARTICULAR REAL ESTATE NEEDS. CALL US AT

# BLOCK BROS. REALTY LTD.

32641 South Fraser Way, Abbotsford
853-6411 – Direct Line 524-2215

ਰੀਅਲ ਇਸਟੇਟ ਸੇਵਾਵਾਂ ਲਈ ਤੁਹਾਡੇ ਦੋ ਸੁਘੜ ਸਹਾਇਕ :

ਸੁਖਦੇਵ ਸਹੋਤਾ ਐੱਮ.ਏ.

**SUKHDEV SAHOTA**
M.A.

856-4023





ਪਾਲ ਗਿੱਲ

**PAUL GILL**
826-9942

ਸਥਾਈ ਕਾਲਮ
ਸੰਜੀਵਨੀ ਬੂਟੀ
(ਹਾਸ ਰਸ)

# ਪੂਛਾਂ (ਇਕਾਂਗੀ ਨਾਟਕ)

ਜੌਇਸ ਰੂਇਬਲ
(ਅਨੁਵਾਦ : ਸ਼ਹਰਯਾਰ)

(ਦੋ ਕੁੱਤੇ ਇਕ ਦੂਜੇ ਦਾ ਸਵਾਗਤ ਕਰਦੇ ਹਨ, ਇਕ ਦੂਜੇ ਦੀਆਂ ਪੂਛਾਂ ਸੁੰਘਦੇ ਹਨ । ਪਿਸ਼ਾਬ ਕਰਨ ਲਈ ਆਪੋ ਆਪਣੀਆਂ ਲੱਤਾਂ ਚੁਕਦੇ ਹਨ ਅਤੇ ਦੁਬਾਰਾ ਫੇਰ ਇਕ ਦੂਜੇ ਨੂੰ ਸੁੰਘਦੇ ਹਨ । ਸਟੇਜ ਤੇ ਇਕ ਕਪੜਿਆਂ ਵਾਲੀ ਅਲਮਾਰੀ ਹੈ ।)

ਪਹਿਲਾ ਕੁੱਤਾ — (ਮਾਸੂਮ ਦਿਖਾਈ ਦੇਂਦਿਆਂ, ਦੂਜੇ ਨੂੰ ਮੋਢਾ ਮਾਰਦਿਆਂ) ਸ਼ੀ... ਸ਼ੀ... ਵੇਖ, ਉਹ ਸਾਨੂੰ ਵੇਖ ਰਹੇ ਨੇ ।

ਦੂਜਾ ਕੁੱਤਾ — ਕੌਣ ? ਕੌਣ ?

ਪਹਿਲਾ — ਤੂੰ ਕੀ ਸਮਝਿਆ ? ਆਦਮੀ ।

ਦੂਜਾ — ਤਾਂ ਕੀ ਹੋਇਆ ? ਤੂੰ ਕੀ ਸਮਝਨੈਂ, ਬਈ ਉਹ ਭੈੜੇ ਕੰਮ ਨਹੀਂ ਕਰਦੇ ?

ਪਹਿਲਾ — ਹਾਂ — ਹਾਂ — ਪਰ ਤੈਨੂੰ ਪਤੈ, ਉਹ ਕੀ ਸੋਚਦੇ ਨੇ, ਅਸੀਂ ਇਕ ਦੂਜੇ ਦੀਆਂ ਪੂਛਾਂ ਸੁੰਘਦੇ ਹਾਂ ਤਾਂ ਉਹ ਸੂਰ ਹਮੇਸ਼ਾ ਹੀ ਭੈੜਾ ਸੋਚਦੇ ਨੇ ।

ਦੂਜਾ — ਉਹ ਕੁੱਤੇ ਦੇ ਸਭ ਤੋਂ ਵਧੀਆ ਮਿੱਤਰ ਨਹੀਂ ਸਮਝੇ ਜਾਂਦੇ ?

ਪਹਿਲਾ — ਇਹ ਤਾਂ ਕਿਸੇ ਬੁੱਢੀ ਮਾਈ ਦੀ ਕਹਾਣੀ ਏ । ਦਰਅਸਲ ਅਸੀਂ ਇਹ ਭਰੋਸਾ ਬਣਾ ਬੈਠੇ ਹਾਂ, ਕਿਉਂਕਿ ਅਸੀਂ ਹਮੇਸ਼ਾਂ ਉਨ੍ਹਾਂ ਨੂੰ ਮਰਜ਼ੀ ਕਰਨ ਦਿਤੀ ਏ । ਪਰ ਸੱਚ ਤਾਂ ਇਹ ਹੈ ਕਿ ਸਾਨੂੰ ਰੱਖਣਾ ਸ਼ੁਰੂ ਕਰਨ ਤੋਂ ਬਾਅਦ ਸਾਡੀਆਂ ਵਧੀਆ ਭਾਵਨਾਵਾਂ ਵੀ ਖ਼ਤਮ ਕਰ ਦਿਤੀਆਂ ।

ਦੂਜਾ — ਆਦਮੀ ਚੰਗੇ ਨੇ ।

ਪਹਿਲਾ — ਉਨ੍ਹਾਂ ਆਪਣੇ ਮੈਤਰੀ ਭਾਵ ਨਾਲ ਸਾਡਾ ਭੱਠਾ ਬਹਾ ਦਿੱਤਾ । — ਬੇਈਮਾਨ ।

ਦੂਜਾ — ਮੇਰਾ ਖ਼ਿਆਲ ਏ ਤੂੰ ਬੜਾ ਅਕ੍ਰਿਤਘਣ ਏਂ । (ਫੇਰ ਸੁੰਘਦਾ ਹੈ ।)

ਪਹਿਲਾ — ਬਕਵਾਸ ਬੰਦ ਕਰ । ਉਹ ਸਾਨੂੰ ਵੇਖਦੇ ਪਏ ਨੇ । ਉਹ ਬੜਾ ਹੀ ਭੈੜਾ ਸਮਝ ਰਹੇ ਨੇ ।

ਦੂਜਾ — ਮੈਂ ਨਹੀਂ ਸਮਝਦਾ ਪਈ ਆਦਮੀ ਏਨੇ ਭੈੜੇ ਹੁੰਦੇ ਨੇ ।

ਪਹਿਲਾ — (ਮੂੰਹ ਦੇ ਇਕ ਪਾਸਿਓਂ ਦੀ) ਜੇ ਉਹ ਦੋ ਕੁੱਤਿਆਂ ਨੂੰ ਇਕ ਦੂਜੇ ਦੀਆਂ ਪੂਛਾਂ ਸੁੰਘਦਿਆਂ ਵੇਖ ਲੈਣ ਤਾਂ ਉਨ੍ਹਾਂ ਚੀਕ ਰਿਹਾੜਾ ਪਾ ਦੇਣੈ ਤੇ ਸਾਡੇ ਬਾਰੇ ਹੋਰ ਹੀ ਤਰ੍ਹਾਂ ਦੀਆਂ ਗੱਲਾਂ ਕਰਨਗੇ ।

ਦੂਜਾ — ਤੂੰ ਤਾਂ ਵਧੀਕੀ ਕਰ ਰਿਹਾ ਏਂ । ਇਕ ਦੂਜੇ ਦੀਆਂ ਪੂਛਾਂ ਸੁੰਘਣਾ ਹੀ ਪਹਿਲੀ ਗੱਲ ਏ ਜੋ ਸਾਡੇ ਮਾਂ ਬਾਪ ਨੇ ਸਾਨੂੰ ਸਿਖਾਈ । ਤੂੰ ਕੀ ਸੋਚਦੈਂ ਸਾਡੇ ਮਾਂ ਬਾਪ ਨੇ ਸਾਨੂੰ ਕੋਈ ਭੈੜੀ ਗੱਲ ਸਿਖਾਈ ਹੋਊ ?

ਪਹਿਲਾ — ਇਹ ਤਾਂ ਠੀਕ ਐ । ਪਰ ਆਦਮੀਆਂ ਨੂੰ ਸਾਡਾ ਇਤਿਹਾਸ ਨਹੀਂ ਪਤਾ ।

ਦੂਜਾ — ਕਈ ਆਦਮੀ ਬੜੇ ਸਿਆਣੇ ਨੇ ।

ਪਹਿਲਾ — ਉਹ ਸਿਰਫ਼ ਆਪਣਾ ਕੰਮ ਈ ਜਾਣਦੇ ਨੇ ਜਾਂ ਇਹ ਜਾਣਦੇ ਨੇ ਕਿ ਸਾਥੋਂ ਕੰਮ ਕਿਵੇਂ ਲੈਣੈ । ਪਰ ਜਿਥੋਂ ਤਕ ਸਾਡੀ ਅਸਲੀ ਸਮਸਿਆ ਦਾ ਸੰਬੰਧ ਏ, ਉਹ ਕੁਝ ਵੀ ਨਹੀਂ ਜਾਣਦੇ ।

ਦੂਜਾ — ਇਹ ਕਿਵੇਂ ਹੋ ਸਕਦੈ ?

ਪਹਿਲਾ — (ਤਿਊੜੀ ਪਾ ਕੇ) ਉਨ੍ਹਾਂ ਵਿਚ ਸੰਵੇਦਨਾ ਈ ਨਹੀਂ ।

ਦੂਜਾ — ਉਹ ਇਕ ਦੂਜੇ ਨੂੰ ਸਮਝਦੇ ਐ ।

ਪਹਿਲਾ — ਇਹ ਤਾਂ ਠੀਕ ਈ ਏ (ਦੂਜਾ ਕੁੱਤਾ ਘੁੰਮ ਕੇ ਸੁੰਘਦਾ ਹੈ) ਪਰ ਪਿਸ਼ੂਆ, ਹੁਸ਼ਿਆਰ ਰਹੁ ।

ਦੂਜਾ — ਮਾਫ਼ ਕਰੀਂ, ਮੈਂ ਤਾਂ ਐਵੇਂ ਈ ਕਰ ਰਿਹਾਂ —

ਪਹਿਲਾ — ਠੀਕ ਐ, ਆਪਣੇ ਆਪ ਨੂੰ ਸੁਧਾਰੋ । ਅੱਜਕਲ ਲੋਕ ਨੰਗੀ ਇਸ਼ਤਿਹਾਰਬਾਜ਼ੀ ਅਤੇ ਫ਼ਿਲਮਾਂ ਬਾਰੇ ਬੜੇ ਉਤਸੁਕ ਨੇ । ਨਤੀਜੇ ਵਜੋਂ ਉਹ ਬੁਰੀ ਤਰ੍ਹਾਂ ਦੂਸ਼ਿਤ ਹੋ ਚੁਕੇ ਨੇ । ਉਹ ਅਜਿਹੇ ਸਮਾਜ ਵਿਚ ਜੀਅ ਰਹੇ ਨੇ, ਜਿਸ ਨੂੰ ਕਾਮੀ ਸਮਾਜ ਕਹਿੰਦੇ ਹਨ ।

ਦੂਜਾ — ਇਹਦਾ ਮਤਲਬ ਕੀ ਹੋਇਆ ?

ਪਹਿਲਾ — ਇਹ ਅਸਲੀ ਇਨਕਲਾਬ ਏ । ਉਨ੍ਹਾਂ ਦਾ ਗੁਰਦਾ ਏਨਾ 'ਤਾਂਹ' ਚੜ੍ਹ ਗਿਐ ਕਿ ਉਨ੍ਹਾਂ ਦੇ ਸਿਰਾਂ ਵਿਚ ਜਾ ਵੜਿਐ ।

ਦੂਜਾ — (ਹੈਰਾਨ ਹੋਇਆ) ਝੂਠ ।

ਪਹਿਲਾ — ਤਾਹੀਓਂ ਤਾਂ ਸਾਨੂੰ ਨਿਗਰਾਨੀ ਰਖਣੀ ਪੈਂਦੀ ਏ ।

ਦੂਜਾ — ਅਸੀਂ ਜਿੰਨੀ ਮਰਜ਼ੀ ਮਾਸੂਮੀਅਤ ਨਾਲ ਇਕ ਦੂਜੇ ਦੀਆਂ ਪੂਛਾਂ ਸੁੰਘੀਏ ਪਰ ਲੋਕ ਹਮੇਸ਼ਾਂ ਕੁਝ ਹੋਰ ਈ ਸੋਚਦੇ ਨੇ । ਤੇਰਾ ਵੀ ਇਹੋ ਖ਼ਿਆਲ ਏ ?

ਪਹਿਲਾ — ਮੂਰਖ ਨਾ ਬਣ । ਏਸ ਉਮਰੇ ਤੈਨੂੰ ਸਮਝ ਲੈਣਾ ਚਾਹੀਦਾ ਏ ਕਿ ਬਹੁਤੇ ਲੋਕਾਂ ਨੂੰ ਆਪਣੇ ਖ਼ਬਤ ਹੀ ਨਜ਼ਰ ਆਉਂਦੇ ਨੇ । ਚੰਗੀ ਤਰ੍ਹਾਂ ਸਮਝ ਲੈ — ਲੋਕਾਂ ਦੇ ਆਪਣੇ ਖ਼ਬਤ ।

ਦੂਜਾ — ਮੁਸਲਮਾਨ ਆਪਣੇ ਮੱਕੇ ਵਲ ਧਿਆਨ ਧਰ ਸਕਦਾ ਏ, ਬੋਧੀ ਆਪਣੇ ਮੱਠ ਵਲ, ਪਰ ਅਸੀਂ ਆਪਣੀ ਮਨ-ਮਰਜ਼ੀ ਦਾ ਕੰਮ ਨਹੀਂ ਕਰ ਸਕਦੇ। ਇਹ ਨਤੀਜਾ ਨਿਕਲਿਆ ਸਾਡੇ ਜੰਗਲਾਂ ਚੋਂ ਨਿਕਲ ਕੇ ਆਦਮੀਆਂ ਨਾਲ ਮੇਲ ਮਿਲਾਪ ਦਾ।

ਪਹਿਲਾ — (ਆਰਾਮ ਮਹਿਸੂਸ ਕਰਕੇ) ਛੇਕੜ ਸਮਝ ਆ ਈ ਗਿਐ।

ਦੂਜਾ — ਹੁਣ ਤਾਂ ਮੈਨੂੰ ਪੂਰਾ ਪਤਾ ਲਗ ਗਿਆ ਏ (ਮਾਣ ਨਾਲ) ਉਹ ਆਪਣੀ ਦੰਭੀ ਨੈਤਿਕਤਾ ਸਾਡੇ ਤੇ ਠੋਸੀ ਜਾ ਰਹੇ ਨੇ। ਉਹ ਨੰਗੇ ਜੰਮੇ ਸਨ, ਕਪੜੇ ਪਾਉਂਦੇ ਹਨ ਤੇ ਇਕ ਦੂਜੇ ਨੂੰ ਨੰਗਿਆਂ ਦੇਖਣ ਲਈ ਪਾਗਲ ਹੋਏ ਫਿਰਦੇ ਨੇ। ਇਨ੍ਹਾਂ ਲੋਕਾਂ ਨੂੰ ਪਰਖਣ ਵਾਲੀ ਨਾੜੀ ਸਾਡੇ ਵਿਚ ਮੌਜੂਦ ਏ।

ਪਹਿਲਾ — ਹਾਂ — ਹਾਂ — ਅਸੀਂ ਵਿਜੋਗੇ ਹੋਏ ਹਾਲਾਤ ਵਿਚ ਜੀਅ ਰਹੇ ਹਾਂ।

ਦੂਜਾ — ਸਾਡਾ ਇਰਾਦਾ ਸਗੋਂ ਪੱਕਾ ਹੋਇਆ ਏ। ਇਹ ਜ਼ੰਜ਼ੀਰਾਂ ਤੋੜਨੀਆਂ ਈ ਪੈਣੀਆਂ ਨੇ। ਇਕ ਦੂਜੇ ਦੀਆਂ ਪੂਛਾਂ ਸੁੰਘਣਾ ਜ਼ਿੰਦਗੀ ਦੀ ਲੋੜ ਏ। ਹੋਰ ਅਸੀਂ ਕਰਾਂਗੇ ਕੀ?

ਪਹਿਲਾ — ਇਕ ਦੂਜੇ ਨੂੰ ਚੋਰੀ ਚੋਰੀ ਸੁੰਘੀਏ।

ਦੂਜਾ — ਇਹ ਤਾਂ ਬੇਇਜ਼ਤੀ ਵਾਲੀ ਗੱਲ ਹੋਈ। ਸਾਨੂੰ ਕਾਰਨ ਦਸਣਾ ਚਾਹੀਦਾ ਏ ਕਿ ਅਸੀਂ ਇੰਜ ਕਿਉਂ ਕਰਦੇ ਹਾਂ? ਕੁਝ ਸਮਝ ਬੂਝ ਵਾਲੇ ਬੰਦੇ ਵੀ ਹੈਨ।

ਪਹਿਲਾ — ਬਹੁਤਾ ਆਦਰਸ਼ਵਾਦੀ ਨਾਂ ਬਣ।

ਦੂਜਾ — ਜੇ ਅਸੀਂ ਇਸ ਰਸਮ ਦੇ ਕਾਰਨ ਤੇ ਇਹਦੀ ਸ਼ੁਰੂਆਤ ਬਿਆਨ ਕਰੀਏ ਤਾਂ ਕੁਝ ਰੌਸ਼ਨ ਦਿਮਾਗ਼ ਆਦਮੀ ਹੋਣਗੇ ਜਿਹੜੇ ਸਾਨੂੰ ਸਮਝ ਜਾਣਗੇ। ਬਹੁਤੇ ਲੋਕ ਸੱਚ ਮੁੱਚ ਸਾਡੀ ਇਜ਼ਤ ਕਰਦੇ ਨੇ।

ਪਹਿਲਾ — ਤੂੰ ਉਨ੍ਹਾਂ ਦੀ ਸਰਪ੍ਰਸਤੀ ਦਾ ਸ਼ਿਕਾਰ ਹੋ ਗਿਆ ਏਂ। ਮੈਂ ਤੈਥੋਂ ਸਤਿਆ ਪਿਆਂ।

ਦੂਜਾ — ਆਦਮੀ ਏਨਾ ਨਿਰਾਸ਼ਾਵਾਦੀ ਵੀ ਨਹੀਂ ਹੋ ਸਕਦਾ। ਇਹ ਕੋਈ ਉਸਾਰੂ ਗੱਲ ਨਹੀਂ। ਜੇ ਅਸੀਂ ਕੁਝ ਨਾ ਕਰੀਏ ਤਾਂ ਅਸੀਂ ਇਸ ਗੱਡੀ-ਰਾਹ 'ਚੋਂ ਕਦੇ ਵੀ ਨਹੀਂ ਨਿਕਲ ਸਕਦੇ।

ਪਹਿਲਾ — ਫੇਰ ਕੀ ਖ਼ਿਆਲ ਏ ਸਾਡੇ ਪੁਰਖਿਆਂ ਨੇ ਪਹਿਲਾਂ ਕਦੇ ਇਹ ਕੋਸ਼ਿਸ਼ ਨਹੀਂ ਕੀਤੀ? ਸਭਿਆਤਾਵਾਂ ਦੇ ਹੇਰ ਫੇਰ ਮੁਤਾਬਕ ਇਹ ਕੋਸ਼ਿਸ਼ਾਂ ਕਿਤੇ ਫ਼ਾਂਸੀ ਦੇ ਤਖ਼ਤੇ ਤੇ ਖ਼ਤਮ ਹੁੰਦੀਆਂ ਹਨ, ਕਦੇ ਬਿਜਲੀ ਦੀਆਂ ਕੁਰਸੀਆਂ ਤੇ।

ਦੂਜਾ — ਪਰ ਮੈਂ ਕੋਸ਼ਿਸ਼ ਕਰਨੋਂ ਕਦੇ ਨਹੀਂ ਹਟਣ ਲੱਗਾ। ਸਾਡੇ ਕੋਲ ਗੁਆਉਣ ਲਈ ਕੀ ਹੈ?

ਪਹਿਲਾ — ਉਹਦੇ ਕਹਿਣ ਵਾਂਗੂ — ਸਿਵਾ ਜ਼ੰਜ਼ੀਰਾਂ ਦੇ?

ਦੂਜਾ — ਹਾਂ, ਇਹੋ ਕਹਿੰਦੇ ਨੇ।

ਪਹਿਲਾ — ਤੇ ਸਾਡੀ ਜ਼ਿੰਦਗੀ?

ਦੂਜਾ — ਜੇ ਅਸੀਂ ਇਕ ਦੂਜੇ ਦੀਆਂ ਪੂਛਾਂ ਹੀ ਨਾ ਸੁੰਘ ਸਕੀਏ ਤਾਂ ਜੀਊਣ ਦਾ ਕੀ ਫ਼ਾਇਦਾ। ਇਸ ਸਭ ਕੁਝ ਦੇ ਬਾਵਜੂਦ ਆਦਮੀ ਨੇ ਵੀ ਬੌਧਿਕ ਤਰੱਕੀ ਕੀਤੀ ਏ। ਇਕ ਵੇਰਾਂ ਉਨ੍ਹਾਂ ਆਪਣੇ ਪੈਗੰਬਰਾਂ ਨੂੰ ਵੀ ਬਲੀ ਦੀ ਵੇਦੀ ਤੇ ਚੜ੍ਹਾ ਦਿਤਾ। ਫੇਰ ਪਛਤਾਏ।

ਪਹਿਲਾ — ਹਮੇਸ਼ਾਂ ਹੀ ਜਦੋਂ ਬਹੁਤ ਦੇਰ ਹੋ ਚੁੱਕੀ ਹੁੰਦੀ ਏ।

ਦੂਜਾ — ਤੂੰ ਬੇਗਾਨਗੀ ਦੀ ਸਮਸਿਆ ਬਾਰੇ ਮੇਰੀਆਂ ਅੱਖਾਂ ਖੋਲ੍ਹ ਦਿਤੀਆਂ ਨੇ। ਆ ਇਕੱਠੇ ਹੋ ਜਾਈਏ। ਆ, ਲੋਕਾਂ ਨੂੰ ਇਕ ਦੂਜੇ ਦੀਆਂ ਪੂਛਾਂ ਸੁੰਘਣ ਦਾ ਇਤਿਹਾਸਕ ਕਾਰਨ ਦਸੀਏ।

ਪਹਿਲਾਂ — ਉਹ ਸਾਨੂੰ ਜਾਨੋਂ ਮਾਰ ਦੇਣਗੇ।

ਦੂਜਾ — ਡਰ ਗਿਐਂ?

ਪਹਿਲਾਂ — ਬਿਲਕੁਲ ਨਹੀਂ।

ਦੂਜਾ — ਫੇਰ ਆਪਣਾ ਪੰਜਾ ਦੇ ਤੇ ਆ ਆਪਾਂ ਚਲੀਏ। (ਉਹ ਸਮਝੌਤਾ ਕਰਦੇ ਹਨ, ਪੋਸਟਰ ਕਢਦੇ ਹਨ ਤੇ ਇਕ ਕੰਮ ਚਲਾਊ ਪਲੇਟ ਫ਼ਾਰਮ ਤੇ ਆ ਜਾਂਦੇ ਹਨ।) ਸਰਬ ਸੰਸਾਰ ਦੇ ਪੁਰਖੋ, ਤੁਹਾਡੇ ਪਰਮ ਮਿੱਤਰ ਕੁੱਤੇ ਤੁਹਾਨੂੰ ਮੁਖ਼ਾਤਿਬ ਹਨ। ਮੈਂ ਆਪਣੀ ਨਸਲ ਦੇ ਨਾਂ ਤੇ ਤੁਹਾਨੂੰ ਇਕ ਬਿਆਨ ਦੇਣਾ ਚਾਹੁੰਦਾ ਹਾਂ। ਬੁਰਾ ਨਾ ਮਨਾਉਣਾ। ਸਾਡੇ ਇਤਿਹਾਸ ਵਿਚ ਗ਼ਲਤ ਫ਼ਹਿਮੀਆਂ ਪੈਦਾ ਹੁੰਦੀਆਂ ਆਈਆਂ ਹਨ। ਅਸੀਂ ਸਮਝਦੇ ਹਾਂ ਕਿ ਤੁਹਾਡਾ ਭਾਵ ਇਹ ਨਹੀਂ ਸੀ ਪਰ ਸਾਰੀ ਮੁਸੀਬਤ ਹੀ ਇਹੋ ਏ। ਤੁਹਾਡੀ ਇਕ ਗ਼ਲਤੀ ਸਾਡੇ ਲਈ ਤਲਖ਼ੀ ਦਾ ਸਬੱਬ ਬਣੀ ਹੈ, ਕਿਉਂਕਿ ਅਸੀਂ ਜਦੋਂ ਵੀ ਇਕ ਦੂਜੇ ਦੀਆਂ ਪੂਛਾਂ ਸੁੰਘਦੇ ਹਾਂ, ਤੁਸੀਂ ਬਹੁਤ ਭੈੜਾ ਅਰਥ ਲੈਂਦੇ ਹੋ।

ਪਹਿਲਾ — (ਬਹੁਤ ਜੋਸ਼ ਵਿਚ — ਦੂਜੇ ਦਾ ਵਿਰੋਧ ਕਰਦਿਆਂ ਪਲੇਟ ਫ਼ਾਰਮ ਤੇ ਆ ਚੜ੍ਹਦਾ ਹੈ) ਨਹੀਂ, ਸਾਡਾ ਭਾਵ ਅਦਨ ਦੇ ਬਾਗ਼ ਦੇ ਸੇਬ ਵਾਲੇ ਮਾਣ ਵਾਲਾ ਨਹੀਂ। ਜੇ ਕੋਈ ਪਾਪ ਹੈ ਵੀ, ਉਹ ਤੁਹਾਡਾ ਆਪਣਾ ਬਣਾਇਆ ਹੋਇਆ ਹੈ। ਬਾਕੀਆਂ ਵਾਂਗ ਤੁਸੀਂ ਵੀ ਜ਼ਿੰਦਗੀ ਖ਼ੁਦ ਨਾਖ਼ੁਸ਼ ਬਣਾਈ ਹੈ।

ਦੂਜਾ (ਪਹਿਲੇ ਨੂੰ) — ਆਰਾਮ ਨਾਲ ਸਮਝਾ। (ਦਰਸ਼ਕਾਂ ਨੂੰ) ਮੇਰੇ ਦੋਸਤ ਦੇ ਤਲਖ਼ ਸ਼ਬਦਾਂ ਤੇ ਗੁਸੇ ਨਾਂ ਹੋਣਾ।

---

ਕੈਨੇਡਾ ਦੇ ਉਭਰ ਰਹੇ ਨੌਜਵਾਨ ਕਵੀ

ਕਰਮਜੀਤ ਘੁਮਾਣ

ਦਾ ਤਿਆਰੀ-ਅਧੀਨ ਕਾਵਿ-ਸੰਗ੍ਰਹਿ

ਰੋਹੀ ਦਾ ਮਿਰਗ

ਉਂਜ ਤੁਹਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਤੁਹਾਡੇ ਵਲੋਂ ਕੀਤੀਆਂ ਵਧੀਕੀਆਂ ਦਾ ਖ਼ਿਆਲ ਕਰਦਿਆਂ ਇਸ ਦੇ ਤਲਖ਼ ਸ਼ਬਦ ਗ਼ਲਤ ਨਹੀਂ । ਇਸ ਹਾਲਾਤ ਨੂੰ ਸੁਲਝਾਉਣ ਲਈ ਅਸੀਂ ਸੰਸਾਰ ਭਰ ਦੇ ਨਰ ਮਦੀਨ ਕੁੱਤਿਆਂ ਦੀ ਕਾਨਫ਼ਰੰਸ ਬੁਲਾ ਰਹੇ ਹਾਂ ਤਾਂ ਕਿ ਅਸੀਂ ਆਪਣਾ ਪੱਖ ਪੇਸ਼ ਕਰ ਸਕੀਏ । ਬੜੀ ਦੇਰ ਤੋਂ ਹਰੇਕ ਗਲੀ ਤੇ ਮੋੜ ਤੇ ਸਾਡਾ ਮਜ਼ਾਕ ਉਡਾਇਆ ਜਾਂਦਾ ਰਿਹਾ ਹੈ ।

(ਪਹਿਲਾ ਜਿਹੜਾ ਗਾਰਦ ਤੇ ਖੜੇ ਸੰਤਰੀ ਵਾਂਗ ਖਲੋਤਾ ਸੀ, ਪਲੇਟ ਫ਼ਾਰਮ ਤੇ ਚੜ੍ਹਨ ਦਾ ਯਤਨ ਕਰਦਾ ਹੈ, ਦੂਜਾ ਆਪਣਾ ਪੈਰ ਉਤਾਂਹ ਚੁੱਕਦਾ ਹੈ । )

ਪਹਿਲਾ — ਭਾਵੇਂ ਮੇਰਾ ਖ਼ਿਆਲ ਹੈ ਕਿ ਤੁਸੀਂ ਸਾਨੂੰ ਨਹੀਂ ਸਮਝਦੇ, ਫੇਰ ਵੀ ਧਿਆਨ ਨਾਲ ਸੁਣੋ, ਬੜੇ ਵਰ੍ਹੇ ਪਹਿਲਾਂ ਦੀ ਗੱਲ ਹੈ, ਹਜ਼ਾਰਾਂ ਸਾਲ ਹੋ ਗਏ ਜਦੋਂ ਕੁੱਤਾ ਆਜ਼ਾਦ ਸੀ, ਭਾਵ ਤੁਹਾਡੀ ਜ਼ਾਲਮਾਨਾ ਸਰਪ੍ਰਸਤੀ ਹੇਠ ਨਹੀਂ ਸੀ ਆਇਆ ।

(ਦੂਜਾ ਧੱਕਾ ਦੇ ਕੇ ਉਸ ਨੂੰ ਸੁੱਟ ਦਿੰਦਾ ਹੈ । )

ਦੂਜਾ — ਦੋਸਤ ਤੂੰ ਬਹੁਤ ਜੋਸ਼ ਵਿਚ ਆ ਗਿਆ ਏਂ । ਰਾਜਨੀਤੀ ਬਾਰੇ ਗੱਲ ਕਰਦਿਆਂ ਦਿਮਾਗ਼ ਸ਼ਾਂਤ ਰੱਖਣਾ ਪੈਂਦਾ ਹੈ, ਨਹੀਂ ਤਾਂ ਉਹ ਕਹਿਣਗੇ ਤੂੰ ਬਾਹਰਮੁਖੀ ਨਹੀਂ ਹੋ ਰਿਹਾ (ਦਰਸ਼ਕਾਂ ਨੂੰ) ਮਿਸਟਰ ਟਾਇਨਬੀ ਅਸੀਂ ਦਸਦੇ ਹਾਂ ਕਿ ਇਤਿਹਾਸ ਵਿਚ ਕੀ ਵਾਪਰਿਆ ਹੈ । ਹਜ਼ਾਰਾਂ ਸਾਲ ਪਹਿਲਾਂ ਦੀ ਗੱਲ ਹੈ ਕਿ ਸੰਸਾਰ ਭਰ ਦੇ ਕੁੱਤਿਆਂ ਨੇ ਕਲਿਓਪੈਟਰਾ ਵਰਗੀ ਇਕ ਖ਼ੂਬਸੂਰਤ ਕੁੱਤੀ ਦੇ ਸਨਮਾਨ ਵਿਚ ਇਕ ਨਿਰਤ ਮੇਲੇ ਦਾ ਪ੍ਰਬੰਧ ਕੀਤਾ । ਕੁੱਤੀ ਏਨੀ ਖ਼ੂਬਸੂਰਤ ਸੀ ਕਿ ਕੁੱਤੀ ਹੋਣ ਦੇ ਬਾਵਜੂਦ ਸਾਰਾ ਰੋਮਨ ਕੁਲੀਨ ਵਰਗ ਉਹਦੇ ਇਸ਼ਕ ਵਿਚ ਪਾਗ਼ਲ ਹੋ ਗਿਆ । ਪਰ ਅਸੀਂ ਇਸ ਇਤਿਹਾਸਕ ਘਟਨਾ ਦੀ ਪੜਤਾਲ ਤੁਹਾਡੇ ਤੇ ਹੀ ਛੱਡਦੇ ਹਾਂ (ਦੋ ਕੁੱਤੇ ਬਾਹਰ ਜਾਂਦੇ ਹਨ ਤੇ ਨਿਰਤ ਦੇ ਕਪੜੇ ਪਾ ਕੇ ਵਾਪਸ ਆ ਜਾਂਦੇ ਹਨ ਤੇ ਆਪਣੇ ਬਿੱਲੇ, ਚੋਗੇ ਤੇ ਪੂਛਾਂ ਕਪੜਿਆਂ ਵਾਲੀ ਅਲਮਾਰੀ ਨਾਲ ਖੜਕਾਉਂਦੇ ਹਨ ਤੇ ਫੇਰ ਚਲੇ ਜਾਂਦੇ ਹਨ । ਹੋਰ ਬੜੇ ਕੁੱਤੇ ਵੀ ਇਸੇ ਤਰ੍ਹਾਂ ਕਰਦੇ ਹਨ ਜਦ ਤਕ ਰੈਕ ਭਰ ਨਹੀਂ ਜਾਂਦੇ, ਸੰਗੀਤ ਸ਼ੁਰੂ ਹੁੰਦਾ ਹੈ ਤਾਂ ਸਾਰੇ ਦਰਬਾਰੀ ਨਿਰਤ ਕਰਦੇ ਹਨ । ਅਚਾਨਕ ਸਾਰੇ ਕੁੱਤੇ ਇਕਦਮ ਠਹਿਰ ਜਾਂਦੇ ਹਨ ਕਲਿਓਪੈਟਰਾ ਆਉਂਦੀ ਹੈ : ਇਕ ਸ਼ਾਹਾਨਾ ਵਰਦੀ ਸਟੇਜ ਤੋਂ ਲੰਘ ਜਾਂਦੀ ਹੈ । ਕੁੱਤੇ ਇਕ ਦੂਜੇ ਤੇ ਝਪਟ ਪੈਂਦੇ ਹਨ, ਗੁਰਰਾਉਂਦੇ ਹਨ, ਲੜਦੇ ਹਨ, ਖੋਹ ਖਿੰਝ ਕਰਦੇ ਹਨ ਅਤੇ ਭੌਂਕਦੇ ਹਨ) ਆਵਾਜ਼ਾਂ ਦੇ ਰਾਮ ਰੌਲੇ ਵਿਚ ਦੂਜਾ ਕੁੱਤਾ ਸਟੇਜ ਤੋਂ ਡਿੱਗ ਪੈਂਦਾ ਹੈ — ਬਿਲਕੁਲ ਨੰਗਾ ।

ਦੂਜਾ — ਸਾਰੇ ਜਾਣਦੇ ਹਨ ਕਿ ਪਰਮ ਸੁੰਦਰ ਨੱਕ ਵਾਲੀ ਕਲਿਓਪੈਟਰਾ ਅਤਿਅੰਤ ਖ਼ੂਬਸੂਰਤ ਕੁੱਤੀ ਸੀ, ਪਰ ਨਾਚ ਵਿਚ ਤਾਂ ਉਹ ਕਮਾਲ ਸੀ । ਸਾਰੇ ਨਰ ਕੁਤਿਆਂ ਦੇ ਦਿਲ ਬੇਆਸ ਮੁਹੱਬਤ ਨਾਲ ਧੜਕ ਰਹੇ ਸਨ, ਚਾਹੇ ਉਹ ਲੰਗੜੇ, ਜਾਂ ਅਪਾਹਿਜ ਹੀ ਕਿਉਂ ਨਾ ਹੁੰਦੇ ? ਕੁੱਤੀਆਂ ਈਰਖਾ ਨਾਲ ਆਪਣੇ ਕੁੱਤਿਆਂ ਵਲ ਟੁੱਟ ਟੁੱਟ ਪੈਣ ਲੱਗ ਪਈਆਂ, ਦੰਦੀਆਂ ਵੱਢਣ ਲੱਗੀਆਂ ਕਿ ਉਹ ਹੋਸ਼ ਵਿਚ ਆ ਜਾਣ — ਪਰ ਬੇਅਰਥ । ਉਸ ਨੂੰ ਸਾਰੇ ਕਲਿਓ ਕਹਿੰਦੇ ਸਨ । ਉਸ ਦੀ ਖ਼ੂਬਸੂਰਤੀ ਕਾਲਜਾ ਕੱਢ ਲਿਜਾਂਦੀ ਸੀ ।

(ਆਵਾਜ਼ਾਂ ਸੁਣਦੀਆਂ ਹਨ — ਕਲਿਓ... ਕਲਿਓ... ਮੈਂ ਪਹਿਲਾਂ, ਬਾਹਰ ਦਫ਼ਾ ਹੋ ਜਾ... ਕਲਿਓ... ਉਸ ਨੇ ਮੈਨੂੰ ਅੱਖ ਮਾਰੀ ਏ, ਛੱਡ ਮੈਨੂੰ, ਪਰਾਂ ਹਟ ਸੂ — ਉਸ ਨੂੰ ਪਹਿਲਾਂ ਮੈਂ ਵੇਖਿਆ ਸੀ — ਲਾਓ ਖਾਂ ਉਸ ਨੂੰ ਹੱਥ ਜੇ ਸਿਰ ਦੁਫਾੜ ਨਾ ਕਰ ਦਿਆਂ — ਗਿਗੋਲੋ — ਆ ਲੈ — ਸੂਰ ਦਿਆ ਪੁੱਤਰਾ) ਕੁਤਿਆਂ ਦੀ ਲੜਾਈ ਭਿਆਨਕ ਹੋ ਜਾਂਦੀ ਹੈ ਤੇ ਪਰਦੇ ਤੇ ਲੜਾਈ ਦੀਆਂ ਸਲਾਈਡਾਂ ਵਿਖਾਈਆਂ ਜਾਂਦੀਆਂ ਹਨ ।

ਦੂਜਾ — (ਸਟੇਜ ਤੋਂ ਪਰਾਂ) ਯਾ ਖ਼ੁਦਾਇਆ, ਕੁਤਿਆਂ ਦਾ ਖ਼ੂਨ ਮਨੁੱਖਾਂ ਦੀਆਂ ਨਦੀਆਂ ਨਾਲ ਵਹਿ ਰਿਹੈ । ਦਰਿਆਵਾਂ ਦਾ ਰੰਗ ਸੁਰਖ਼ ਹੋ ਗਿਐ । ਪਰ ਉਡੀਕ ਕਰੋ । ਸੀਟੀਆਂ ਤੇ ਗੋਲੀ ਚਲਣ ਦੀ ਆਵਾਜ਼ ਆ ਰਹੀ ਸੀ, ਪੁਲੀਸ ਆ ਰਹੀ ਸੀ (ਪੁਲੀਸ ਆ ਜਾਂਦੀ ਹੈ) ਕੋਈ ਕੂਕਿਆ — ਸਾਰੇ ਸੰਭਲ ਜਾਣ, ਸਾਰੇ ਕੁੱਤੇ ਕਪੜਿਆਂ ਦੀ ਅਲਮਾਰੀ ਤੇ ਝਪਟ ਪੈਂਦੇ ਹਨ ਤੇ ਆਪੋ ਆਪਣੇ ਕਪੜੇ ਚੁੱਕ ਕੇ ਤੇ ਜਿਹੜੀ ਪੂਛ ਹੱਥ ਲੱਗੀ ਚੁੱਕ ਕੇ ਗੁਰਗੁਰਾਉਂਦੇ ਹੋਏ ਭੱਜ ਤੁਰੇ (ਉਹ ਏਦਾਂ ਹੀ ਕਰਦੇ ਹਨ) ਅਗਲੇ ਦਿਨ ਸਾਰੇ ਕੁੱਤਿਆਂ ਨੂੰ ਅਹਿਸਾਸ ਹੋਇਆ ਕਿ ਸਾਰਿਆਂ ਨੇ ਇਕ ਵਡਿਓਂ ਹੀ ਕਿਸੇ ਹੋਰ ਦੀ ਪੂਛ ਲਾਈ ਹੋਈ ਸੀ । ਪਰ ਹੁਣ ਬੜੀ ਦੇਰ ਹੋ ਚੁੱਕੀ ਸੀ । ਆਦਮੀਆਂ ਨੇ ਪਹਿਲਾਂ ਹੀ ਆਪਣਾ ਸਿਸਟਮ ਲਾਗੂ ਕਰ ਦਿਤਾ ਸੀ ਤੇ ਇਹੋ ਅੱਜ ਤੱਕ ਚਲ ਰਿਹਾ ਏ । ਇਹੋ ਗੱਲ ਹੈ ਕਿ ਅਸੀਂ ਇਕ ਦੂਜੇ ਦੀਆਂ ਪੂਛਾਂ ਸੁੰਘਦੇ ਹਾਂ । ਅਸੀਂ ਕੁਝ ਹੋਰ ਨਹੀਂ, ਆਪਣੀਆਂ ਗੁਆਚੀਆਂ ਪੂਛਾਂ ਹੀ ਲਭਦੇ ਹਾਂ ।

(ਦੂਜਾ ਕੁੱਤਾ ਆਉਂਦਾ ਹੈ ਤੇ ਫੇਰ ਪਲੇਟ ਫ਼ਾਰਮ ਤੇ

(ਸਫ਼ਾ 38)

ਕੈਨੇਡਾ ਦੇ ਉਭਰ ਰਹੇ ਨੌਜਵਾਨ ਕਵੀ
ਲਾਟ ਭਿੰਡਰ
ਦਾ ਤਿਆਰੀ-ਅਧੀਨ ਕਾਵਿ-ਸੰਗ੍ਰਹਿ
ਮੋਮ ਧੂੰਆਂ ਤੇ ਰੋਸ਼ਨੀ

TRAVEL WITH CONFIDENCE

& PRIDE

EXPERT ON GROUPS

FIJI, INDIA,

HONGKONG

CHARTERS TO U.K.

NOTARY PUBLIC SERVICES

ALSO AVAILABLE

STA

We arrange

passport, Indian,

Canadian (4 day) Canadian

citizenship (4 weeks). Subject to

Canadian legal requirements.

SAFEWAYS TRAVEL AGENCY

1391 Kingsway 873-5631

Vancouver 873-4011

PHONE ANY TIME FOR

NEW & USED CARS and HALF TON TRUCKS



# MAJER SINGH DHALIWAL

## CAR SALESMAN

BUS. 937-7711

ਨਵੀਂ ਜਾਂ ਪੁਰਾਣੀ ਕਾਰ, ਵੈਨ ਜਾਂ ਪਿਕਅੱਪ ਅਤੇ ਟਰੱਕ ਆਦਿਕ ਅੱਛੀ
ਹਾਲਤ ਗਡੀਆਂ ਕੀਮਤਾਂ ਤੇ ਖਰੀਦਣ ਲਈ ਮੇਜਰ ਸਿੰਘ ਧਾਲੀਵਾਲ
ਨੂੰ ਮਿਲੋ ਜੀ 641–LOUGHEED HWY. (NEAR LOUGHEED MALL)
COQUITLAM, ਇਹ ਕਾਰ ਸੇਲਜ਼ਮੈਨ ਹਨ। ਦਫ਼ਤਰ ਵਰਕੀ ਲਈ ਘਰ
594-2838 ਤੇ ਫੋਨ ਕਰੋ। ਗੈਰੇਜ ਵਿਚ ਪੰਜਾਬੀ ਮੈਨੇਜਰ ਨੂੰ ਕਹੋ
ਕਿ ਤੁਸੀਂ ਮੇਜਰ ਸਿੰਘ ਧਾਲੀਵਾਲ ਨੂੰ ਮਿਲਣਾ ਹੈ।



**GARY PONTIAC–BUICK & GMC LTD.**

## MARS REALTY

1437 KINGSWAY

Vancouver

872-0131

433-3334



For all kinds of real estate services, contact

**DARSHAN BRAR, M.A.**

REAL ESTATE BOARD AWARD WINNER

Member Medallion Club of Real Estate Board of Greater Vancouver.

Mortgages — Aprraisals — Rentals — Sales

*WE CARRY THE FOLLOWING*

- HAND BAGS
- LEATHER GOODS
- LUGGUGE, SILVER AND BRASS ARTWARE
- WOOD HANDICRAFT

- EAST INDIAN GROCERIES

- BEDROOM SUITES
- CHESTERFIELDS
- COFFEE TABLES
- KITCHENETTE SETS

AT

## ABBOTSFORD MALL

–IMPORTERS, RETAILERS–

33765 Essendene Avenue,

Abbotsford, B.C.

Phone: 853-4791

PROP: JOGINDAR SINGH

DARSHAN SINGH MANN'S

# TRAVEL WORLD

ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਜਾ ਆਪਣੇ ਸਨੇਹੀਆਂ ਨੂੰ ਮੰਗਵਾਉਣ ਲਈ ਸਾਨੂੰ ਆ ਕੇ ਦਰਸ਼ਨ ਦਿਉ।

ਅਸੀਂ ਸਾਰੀਆਂ ਏਅਰ ਲਾਈਨਜ਼ ਦੀਆਂ ਟਿਕਟਾਂ ਸਸਤੀਆਂ ਵੇਚਦੇ ਹਾਂ।

ਪਾਸਪੋਰਟ ਤੇ ਵੀਜ਼ਾ ਲੈਣ ਵਿੱਚ ਪੂਰੀ ਮੱਦਦ ਕੀਤੀ ਜਾਂਦੀ ਹੈ।

ਸਾਡੇ ਦਫ਼ਤਰ ਦਿਲੀ, ਚੰਡੀਗੜ੍ਹ, ਲੁਧਿਆਣਾ ਅਤੇ ਜਾਲੰਧਰ ਆਦਿ ਸ਼ਹਿਰਾਂ ਵਿੱਚ ਤੁਹਾਡੀ ਸੇਵਾ ਲਈ ਹਾਜ਼ਰ ਹਨ।



## 435-3953

ਦਰਸ਼ਨ ਸਿੰਘ ਮਾਨ



* HOMES, NEW OR OLD
* COMMERCIAL PROPERTIES OR SITES
* APARTMENT BLOCKS
* FARMS, LAND, HOME ACREAGE or any other real estate need



**GURMEL DHALIWAL**

**OFF. 581-4601**

**RES. 588-7360**

BLOCK BROS.

BLOCK BROS. REALTY LTD.
A DIVISION OF BLOCK BROS. INDUSTRIES LTD.
9360 - 120th Street, Surrey, B.C.



# ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING



EAR PINS AND NOSE PINS

New Store
9:00 a.m. to 6:30 p.m.

# BHARTI ART JEWELLERS

*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj



FOR ANY KIND OF

# PHOTOGRAPHY

REMEMBER

# SANDEEP STUDIO

CALL

HARCHARAN SINGH JHUTEE

**435-3634**



THINKING OF TRAVEL?
WE CAN SAVE YOU MONEY, TIME AND TROUBLE

GROUPS – CHARTER – EXCURSION
PAY LATER
SPECIAL IMMIGRANT FARES AVAILABLE

# GOYAL TRAVELS

4160 FRASER STREET, VANCOUVER 10, B.C.
PHONE: 872-7658

ASSOCIATE OFFICES:
1. NEAR COURTS, MOGA, PANJAB (INDIA) – PHONE 798
2. NEAR COURTS, JAGRAEN, PANJAB (INDIA) – PHONE 252
3. NEAR COURTS, PHAGWARA, PANJAB (INDIA) – PHONE 2021
4. BHAGAT SINGH CHOWK SADAR BAZZAR BARNALA, PANJAB (INDIA)–PHONE 555



**IF YOU WANT**
**GOOD QUALITY**
**FURNITURE**
**AT LOW PRICES**
**COME AND SEE US**
**AT**



**Reg. $299.00 - Sale $199.00**

# Regina Furniture

## 2707 Main St. Vancouver, B.C.

## Phone 879-8319

**ALSO**

**For your travel needs contact**
**Kehar Singh Lidhar (Bhoot)**

## SPECIAL

DOUBLE BED

**Reg. 149.00**

**Sale 99.50**

---

ਹਰ ਕਿਸਮ ਦੇ ਟੈਲੀਵੀਜ਼ਨ,
ਸਟੀਰੀਓ, ਟੇਪ ਰੀਕਾਰਡਰ, ਰੇਡੀਓ ਅਤੇ ਫ਼ੋਨੋਗਰਾਫ਼
ਦੀ ਤਸੱਲੀਬਖ਼ਸ਼ ਮੁਰੰਮਤ ਲਈ ਹਮੇਸ਼ਾਂ ਯਾਦ ਰੱਖੋ:

# ਟਰਾਂਸ-ਕੈਨੇਡਾ ਟੀ.ਵੀ

# TRANS-CANADA T.V.

**14370—104 AVE., SURREY, B.C.**

**(guaranteed repair of color & B/W T.V.'s, stereos, Hi-Fi, Tape Recorders, Radios & Phonographs).**

**PHONE: 588-7525 OR 588-2296**

## 9 A.M. - 9 P. M.

**WE INSTALL**
**CAR RADIOS**
**&**
**TAPE DECKS**

# Top Priority



**ANYTHING MORE IMPORTANT THAN YOUR FAMILY'S FUTURE?**
**PUT FIRST THINGS WITH COMMON SENSE LIFE INSURANCE**
**CALL ME TODAY**

**Ajit Sidhu**
Sales Representative
**President's Council**

OFFICE:
524-3601

RESIDENCE:
584-4516

**AJIT SIDHU**

ਅਜੀਤ ਸਿੱਧੂ

ਜਿੰਨ੍ਹਾਂ ਨੇ ਕੈਨੇਡਾ ਆਉਣ ਤੋਂ ਪਹਿਲਾਂ ਇੰਗਲੈਂਡ ਵਿੱਚ ਲਾਈਫ਼ ਇਨਸ਼ੋਰੈਂਸ ਆਫ਼ ਇੰਡੀਆ ਵਿੱਚ ਬਹੁਤ ਦੇਰ ਕੰਮ ਕੀਤਾ ਹੈ।

ਜੋ ਇੰਗਲੈਂਡ ਵਿਚ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ।

ਜੋ ਕੈਨੇਡਾ ਵਿੱਚ ਲਾਈਫ਼ ਅੰਡਰਰਾਈਟਰਜ਼ ਐਸੋਸੀਏਸ਼ਨ ਆਫ਼ ਕੈਨੇਡਾ ਦੇ ਮੈਂਬਰ ਹਨ ਅਤੇ ਕੈਨੇਡਾ ਦੇ ਜੀਵਨ-ਬੀਮਾ ਹਲਕਿਆਂ ਵਿੱਚ ਸਤਿਕਾਰਯੋਗ ਸ਼ਖ਼ਸੀਅਤ ਹਨ।

**AJIT SIDHU** Member: Million Dollar Round Table (M.D.R.T.)

is a professional all the way. The needs of his clients have always been his major concern. This dedication and service to his policyholders has ranked Ajit among the leading sales representatives of Metropolitan Life. He is also a member of the Life Underwriters Association of Canada.

Mr. Sidhu lives with his wife and family in Surrey, and is associated with the Company's District Sales Office at 550 – 6th Street, in New Westminster, B.C. Sound insurance counselling can be obtained by telephoning him at 524-3601, or at his residence by dialing 584-4516.

Dedication to his many policyholders marks him as a true professional, and we at Metropolitan take great pride in Ajit Sidhu.

Vice-President

**METROPOLITAN LIFE**
550 6th Street
New Westminster, B.C



*Your Satisfaction Is Our Pleasure*

# PAMELA INTERNATIONAL TRAVEL

**4877 MAIN STREET, VANCOUVER, B.C. PHONE: 876-2248**

SERVING YOU AT DIFFERENT LOCATIONS:
DELHI, BANGKOK, HONG KONG & LOS ANGELES

SPECIALIZE IN FARES TO
INDIA, LONDON, HONG KONG, TOKYO, FIJI, SINGAPORE, BANGKOK

**SPECIAL EXCURSION FARES TO INDIA**

ਲੰਡਨ ਜਾਂ ਹਾਂਗਕਾਂਗ ਰਾਹੀਂ 4 ਮਹੀਨੇ ਲਈ ਆਉਣ ਜਾਣ ਦਾ ਸਪੈਸ਼ਲ ਕਿਰਾਇਆ:

**FOR ALL YOUR TRAVEL NEEDS**
**CONTACT**

**PAMTRAVEL — 876-2248**

ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਮਾਸਕ-ਪੱਤਰ : ਵਤਨੋਂ ਦੂਰ
LITERARY & CULTURAL MONTHLY OF PANJABI
THE WATNO DŪR
P.O. Box 1041, Coquitlam, B.C., Canada, V3J 6Z4
Second Class Mail Registration No. 3233
VOL. 4 NOV. - DEC. 1976 NO. 41 - 42

## A NEW THEATRE IN VANCOUVER

WITH LARGE SCREEN, NEW SOUND EQUIPMENT AND PUSH BACK SEATS




# RIO THEATRE

1660 EAST BROADWAY (at Commercial Dr.)
VANCOUVER, B.C.
PHONE: 873-1412
325-7369 (24 hrs.)

***See Hindi Movies Daily***

SHOW TIMES:
Monday thru Thursday — 8:00 p.m.
Friday — 9:00 p.m.
Saturday — 3:00 p.m., 6:00 p.m., 9:00 p.m.
Sunday — 3:00 p.m., 6:00 p.m., 9:00 p.m.